


(ਇੱਕ ਪ੍ਰੇਮ ਕਹਾਣੀ)
ਆਪਣਾ ਦਿਲ
ਬੱਲੀ ਮਾਂਗਟ
www.PunjabiLibrary.com

# ਆਪਣਾ ਦਿਲ

(ਇੱਕ ਪ੍ਰੇਮ ਕਹਾਣੀ)

ਲੇਖਕ: ਬੱਲੀ ਮਾਂਗਟ

www.PunjabiLibrary.com

Scanned with CamScanner

# ਸਮਰਪਿਤ

ਮੈਂ ਇਹ ਕਹਾਣੀ ਆਪਣੇ ਪਿਆਰੇ ਸੱਜਣ, ਮਿੱਤਰ ਤੇ ਭੈਣ ਭਰਾਵਾਂ ਨੂੰ ਸਮਰਪਿਤ ਕਰਦਾ ਹਾਂ।

www.PunjabiLibrary.com

Scanned with CamScanner

# ਆਪਣੇ ਵੱਲੋਂ ਦੋ ਸ਼ਬਦ

ਅੱਜ ਸਵੇਰੇ ਤੋਂ ਮੌਸਮ ਕਾਫੀ ਜ਼ਿਆਦਾ ਖ਼ਰਾਬ ਸੀ। ਬਾਹਰ ਜੋਰਦਾਰ ਹਵਾ ਚੱਲ ਰਹੀ ਸੀ। ਤੇ ਰੇਸ਼ਮੀ ਰੂ ਵਰਗੀ ਬਾਰਿਸ਼ ਹੋ ਰਹੀ ਸੀ। ਆਸਮਾਨ ਵਿੱਚ ਬਿਜਲੀ ਜੁਗਮੁਗਾ ਰਹੀ ਸੀ ਉਹਦੀ ਆਵਾਜ ਮੇਰੇ ਕੰਨਾਂ ਵਿੱਚ ਹਥੌੜੇ ਵਾਂਗ ਵੱਜ ਰਹੀ ਸੀ। ਠੰਡ ਦਾ ਕਹਰ ਲਗਾਤਾਰ ਬਾਰਿਸ਼ ਹੋਣ ਨਾਲ ਕਾਫੀ ਵੱਧ ਗਿਆ ਸੀ। ਜਦੋਂ ਮੈਂ ਘਰ ਦੀ ਖਿੜਕੀ ਵਿੱਚੋਂ ਬਾਹਰ ਦੇਖਿਆ ਤਾਂ ਐਵੇ ਲੱਗ ਰਿਹਾ ਸੀ ਜਿਵੇ ਸੂਰਜ ਨਿਕਲ ਆਇਆ ਹੋਵੇ ਪਰ ਜਦ ਮੇਰੀ ਨਜ਼ਰ ਫੋਨ ਉੱਤੇ ਸਮੇ ਤੇ ਗਈ ਤਾਂ ਦੇਖਿਆ ਹਲੇ ਤਾਂ ਸਵੇਰੇ ਦੇ 4:30 ਵੱਜੇ ਸੀ। ਤੇ ਇਕ ਕਹਾਣੀ ਨੇ ਮੈਨੂੰ ਕਾਫ਼ੀ ਦਿਨਾਂ ਤੋਂ ਬਾਅਦ ਫਿਰ ਆਹੂੰ ਘੇਰ ਰੱਖਿਆ ਸੀ। ਦਿਲ ਤੇ ਦਿਮਾਗ ਵਿੱਚ ਬਸ ਉਹੀ ਚਲ ਰਹੀ ਸੀ ਤੇ ਜਿਵੇਂ ਉਹ ਮੈਨੂੰ ਕਹਿ ਰਹੀ ਹੋਵੇ ਕਿ ਕਲਮ ਚੁੱਕ ਤੇ ਕਿਸੇ ਕੋਰੇ ਕਾਗਜ਼ ਦੀ ਹਿੱਕ ਉੱਤੇ ਮੈਨੂੰ ਸ਼ਾਪ ਦੇ ਠੰਡ ਜ਼ਿਆਦਾ ਹੋਣ ਕਰਕੇ ਮੈ ਰਜ਼ਾਈ ਚੋ ਨਿਕਲ ਨਾ ਸਕਿਆ। ਥੋੜਾ ਸਮਾਂ ਸੋਚਣ ਤੋਂ ਬਾਅਦ ਮੈਂ ਫੋਨ ਦਾ ਨੋਟਪੈਡ ਕੱਢ ਕੇ ਉਸ ਉੱਪਰ ਕਹਾਣੀ ਨੂੰ ਲਿਖਣਾ ਸ਼ੁਰੂ ਹੀ ਕੀਤਾ ਸੀ ਕਿ ਮੇਰੀ ਮਾਤਾ ਜੀ ਨੇ ਮੈਨੂੰ ਆਵਾਜ ਮਾਰ ਲਈ ਤੇ ਕਿਹਾ ਪੁੱਤ ਦੁੱਧ ਪਏਆ ਡੇਅਰੀ ਚਾ ਮੈਂ ਕਹਾਣੀ ਨੂੰ ਵਿਚੇ ਛੱਡ ਡੇਅਰੀ ਵੱਲ ਨੂੰ ਤੁਰ ਪਿਆ। ਹੁਣ ਮੌਸਮ ਥੋੜਾ ਸਾਫ਼ ਹੋ ਗਿਆ ਸੀ। ਜਦੋਂ ਮੈਂ ਡੇਅਰੀ ਕੋਲ ਗਿਆ ਤਾਂ ਦੇਖੀਆਂ ਉਥੇ ਪਿੰਡ ਦੇ ਬਜੁਰਗਾਂ ਵਿੱਚ ਗਰਮਾ ਗਰਮ ਬਹਿਸ ਚਲ ਰਹੀ ਸੀ। ਪਿੰਡ ਦੀਆਂ ਗਲੀਆਂ ਨਾਲੀਆਂ ਬਾਰੇ ਤੇ ਪਿੰਡ ਵਿੱਚ ਇਸ ਵਾਰੀ ਕਿਸ ਨੂੰ ਪਿੰਡ ਦੇ ਸੁਧਾਰ ਵਾਸਤੇ

www.PunjabiLibrary.com

Scanned with CamScanner

ਸਰਪੰਚੀ ਵਿਚ ਖੜ੍ਹਾ ਕੀਤਾ ਜਾਵੇ। ਇਹ ਸਭ ਕੁੱਝ ਸੁੰਨਣ ਤੋ ਬਾਅਦ ਮੈ ਆਪਣੇ ਘਰ ਵੱਲ ਨੂੰ ਪਰਤਿਆ ਤੇ ਕਾਫੀ ਸਮੇਂ ਬਾਅਦ ਸੋਚ ਵਿਚਾਰ ਕੇ ਮੈ ਕਹਾਣੀ ਨੂੰ ਲਿਖਣਾ ਸ਼ੁਰੂ ਕੀਤਾ ਜਿੱਥੇ ਤੁਸੀਂ ਮੁਹੱਬਤ ਵਿਚ ਹੀਰ ਰਾਂਝੇ ਤੇ ਸੋਹਣੀ ਮਹੀਵਾਲ ਦੇ ਕਿੱਸੇ ਸੁਣੇ ਨੇ ਇਸ ਦੇ ਉਲਟ ਮੈਂ ਇਸ ਕਹਾਣੀ ਨੂੰ ਆਪਣੇ ਅੰਦਾਜ਼ ਵਿੱਚ ਲਿਖਣ ਦੀ ਇੱਕ ਛੋਟੀ ਜਿਹੀ ਕੋਸ਼ਿਸ਼ ਕੀਤੀ ਆ ਆਸ ਕਰਦਾ ਤੁਸੀਂ ਇਸ ਕਹਾਣੀ ਨੂੰ ਜਰੂਰ ਪਸੰਦ ਕਰੋਗੇ। ਇੱਕ ਗੱਲ ਹੋਰ ਦੱਸ ਦੀਆਂ ਕਿ ਇਹ ਕਹਾਣੀ ਵਿੱਚ ਪ੍ਰਕਾਸ਼ਤ ਹੋਣ ਵਾਲੀਆਂ ਸਭ ਘਟਨਾਵਾਂ, ਨਾਮ ਅਤੇ ਸਥਾਨ ਖਿਆਲੀ ਹਨ। ਕਿਸੇ ਜੀਵਤ ਜਾ ਮਰੇ ਬੰਦੇ ਨਾਲ ਕੋਈ ਸਬੰਧ ਨਹੀਂ। ਜੇ ਕਰ ਕੋਈ ਨਾਮ ਜਗ੍ਹਾ ਤੇ ਘਟਨਾ ਮੇਲ ਖਾ ਜਾਵੇ ਤਾਂ ਲੇਖਕ ਤੇ ਪ੍ਰਕਾਸ਼ਕ ਜਿੰਮੇਵਾਰ ਨਹੀਂ.......

ਬੱਲੀ ਮਾਂਗਟ

www.PunjabiLibrary.com

Scanned with CamScanner

ਇਹ ਕਹਾਣੀ ਇਕ ਰਾਜਸਥਾਨ ਦੇ ਪਿੱਛੜੇ ਜਿਹੇ ਇਲਾਕੇ ਤੋਂ ਸ਼ੁਰੂ ਹੁੰਦੀ ਹੈ। ਜਿੱਥੇ ਕਿ ਇਕ ਪਿੰਡ ਵਿੱਚ ਸੂਰਜ ਨਾਮ ਦਾ ਇੱਕ ਲੜਕਾ ਰਹਿੰਦਾ ਸੀ। ਸੂਰਜ ਇੱਕ ਇਮਾਨਦਾਰ ਤੇ ਸਾਫ ਦਿਲ ਵਾਲਾ ਇਨਸਾਨ ਸੀ। ਉਸ ਦੇ ਪਿਤਾ ਇਕ ਗਰੀਬ ਕਿਸਾਨ ਸਨ। ਸੂਰਜ ਕਦੇ-ਕਦੇ ਆਪਣੇ ਪਿਤਾ ਨਾਲ ਖੇਤਾਂ ਵਿੱਚ ਵੀ ਕੰਮ ਕਰਵਾਉਣ ਲਈ ਚਲੇ ਜਾਂਦਾ। ਸੂਰਜ ਪੜ੍ਹਾਈ ਵਿੱਚ ਕਾਫ਼ੀ ਹੁਸ਼ਿਆਰ ਹੋਣ ਕਰਕੇ 12 ਤੋਂ ਬਾਅਦ ਉਹਦੇ ਸਕੂਲ ਵਲੋਂ ਉਹਦਾ ਦਾਖਲਾ ਇੱਕ ਦਿੱਲੀ ਦੇ ਰਾਮ ਕਾਲਜ ਵਿੱਚ ਹੋ ਗਿਆ। ਪਰ ਉਹ ਆਪਣੇ ਮਾਤਾ ਪਿਤਾ ਜੀ ਨੂੰ ਇਕੱਲੇ ਛੱਡ ਕੇ ਜ਼ਾਣਾ ਨਹੀਂ ਸੀ ਮੰਨਦਾ। ਉਸਦੇ ਮਾਤਾ ਪਿਤਾ ਉਸਨੂੰ ਕਹਿੰਦੇ ਸੂਰਜ ਤੂੰ ਜੇ ਚਲਾ ਜਾਵੇ ਤਾਂ ਤੈਨੂੰ ਇਕ ਵਧੀਆ ਨੌਕਰੀ ਮਿਲ ਜਾਵੇਗੀ। ਤੇਰੇ ਸਾਰੇ ਸੁਪਨੇ ਪੂਰੇ ਹੋ ਜਾਣਗੇ ਜੇ ਇੱਥੇ ਰਹੇਗਾ ਤਾਂ ਉਹੀ ਮਿੱਟੀ ਵਿੱਚ ਮਿੱਟੀ ਹੁੰਦਾ ਰਹੇਗਾ ਗੱਲ ਮਨ ਲਾ ਸੂਰਜ ਬੇਟਾ। ਜਿੰਦਗੀ ਵਿੱਚ ਮਾਤਾ-ਪਿਤਾ ਦੀ ਜਿੰਨੀ ਲੋੜ ਸਾਨੂੰ ਬਚਪਨ ਵਿੱਚ ਹੁੰਦੀ ਹੈ ਓਨੀ ਹੀ ਜਰੂਰਤ ਉਹਨਾਂ ਨੂੰ ਸਾਡੀ ਬੁਢਾਪੇ ਵਿੱਚ ਹੁੰਦੀ ਹੈ। ਸੂਰਜ ਨੇ ਆਪਣੇ ਮਾਤਾ-ਪਿਤਾ ਦੀਆਂ ਗੱਲਾਂ ਸੁਣ ਕੇ ਅਗਲੇ ਦਿਨ ਹੀ ਦਿੱਲੀ ਜਾਣ ਦੀ ਤਿਆਰੀ ਕਰ ਲਈ ਤੇ ਉਹ ਘਰ ਤੋਂ ਆਪਣੇ ਮਾਤਾ ਪਿਤਾ ਜੀ ਦਾ ਆਸ਼ੀਰਵਾਦ ਲੈ ਕੇ ਤੁਰ ਪਿਆ। ਉਸ ਦੇ ਪਿਤਾ ਨੇ ਸੂਰਜ ਨੂੰ ਕੁਝ ਪੈਸੇ ਦੇ ਦਿੱਤੇ ਤੇ ਕਿਹਾ ਸੂਰਜ ਇਹ ਪੈਸੇ ਆਪਣੇ ਕੋਲ ਰੱਖ ਲੈ ਕਿਉਂਕਿ ਤੇਰੀ ਪੜ੍ਹਾਈ ਦਾ ਸਾਰਾ ਖਰਚਾ ਸਰਕਾਰ ਚੱਕੇਗੀ। ਪਰ ਹੋਰ ਰੋਟੀ ਟੁੱਕ ਦਾ ਤੈਨੂੰ ਆਪਣੇ ਕੋਲੋਂ ਹੀ ਕਰਨਾ ਪਵੇਗਾ। ਬਾਕੀ ਜੇ ਹੋਰ ਪੈਸੇ ਦੀ ਲੋੜ ਪਈ ਤਾਂ ਦੱਸ ਦੇਵੀ। ਸੂਰਜ ਆਪਣੇ ਸੁਪਨੇ ਆ ਨੂੰ ਲੈਕੇ ਦਿੱਲੀ ਪਹੁੰਚ ਗਿਆ। ਜਦੋਂ ਉਹ ਕਾਲਜ ਵਿੱਚ ਪਹਿਲੇ ਦਿਨ ਗਿਆ ਤਾਂ ਉਥੇ ਦੇ ਸਾਰੇ ਮੁੰਡੇ ਕੁੜੀਆਂ

www.PunjabiLibrary.com

Scanned with CamScanner

ਉਹਦੇ ਵੱਲ ਦੇਖ ਰਹੇ ਸਨ ਤੇ ਕਈ ਹੱਸ ਰਹੇ ਸੀ। ਕਿਉਂਕਿ ਸੂਰਜ ਦਾ ਪਹਿਰਾਵਾ ਵੱਖਰਾ ਸੀ। ਉਹ ਇਕ ਰਾਜਸਥਾਨੀ ਬਣ ਕੇ ਆਇਆ ਸੀ। ਪਰ ਉਹ ਦਿਲ ਦਾ ਬੜਾ ਸਾਫ ਬੰਦਾ ਸੀ ਜੇ ਕੋਈ ਉਹਦੇ ਵੱਲ ਦੇਖਕੇ ਮੁੰਡਾ ਜਾਂ ਕੁੜੀ ਹੱਸ ਦਾ ਤਾਂ ਉਹ ਵੀ ਮੂੰਹ ਥੱਲੇ ਨੂੰ ਕਰਕੇ ਹੱਸਣ ਲੱਗ ਜਾਂਦਾ। ਉਹ ਕਾਲਜ ਦੇ ਹੋਸਟਲ ਵਿੱਚ ਨਹੀਂ ਸੀ ਰਹਿੰਦਾ ਕਿਉਂਕਿ ਉਥੇ ਦਾ ਰੈਂਟ ਕਾਫੀ ਜ਼ਿਆਦਾ ਸੀ। ਇਸ ਲਈ ਉਸਨੇ ਕਾਲਜ ਤੋਂ ਥੋੜੀ ਜਿਹੀ ਦੂਰ ਕਾਫੀ ਘੱਟ ਖਰਚੇ ਵਿੱਚ ਇੱਕ ਕਮਰਾ ਰੈਂਟ ਤੇ ਲੈ ਲਿਆ ਸੀ। ਜਿਸਦੇ ਸਾਹਮਣੇ ਇਕ ਬੱਚਿਆਂ ਦਾ ਅੰਨਾਥ ਆਸ਼ਰਮ ਸੀ। ਉਹ ਜਦੋਂ ਆਪਣੇ ਕਮਰੇ ਤੋਂ ਬਾਹਰ ਬੈਠਾ ਹੁੰਦਾ ਤਾਂ ਉਹਨਾਂ ਬੱਚਿਆਂ ਵੱਲ ਦੇਖ ਕੇ ਬੜਾ ਦੁਖੀ ਹੁੰਦਾ ਜਿਹਨਾਂ ਦਾ ਇਸ ਦੁਨੀਆਂ ਵਿੱਚ ਕੋਈ ਮਾਤਾ ਪਿਤਾ ਨਹੀਂ ਸੀ ਤੇ ਪ੍ਰਭੂ ਦਾ ਸ਼ੁਕਰਾਨਾ ਕਰਦਾ ਕਿ ਉਸਦੇ ਰੱਬ ਵਰਗੇ ਮਾਂ ਬਾਪ ਹੈਗੇ ਆ। ਸੂਰਜ ਆਸ਼ਰਮ ਵਿੱਚ ਰਹਿੰਦੇ ਇੱਕ ਬੱਚੇ ਵੱਲ ਨੂੰ ਰੋਜ਼ ਦੇਖਦਾ ਉਹ ਹੋਰ ਬੱਚਿਆਂ ਵਰਗਾ ਨਹੀਂ ਸੀ ਸਗੋਂ ਇੱਕ ਜਗ੍ਹਾਂ ਤੇ ਬੈਠਾ ਉਹ ਬੱਚਾ ਕੱਲ੍ਹਾ ਹੀ ਇਕ ਡੂੰਘੀ ਸੋਚ ਵਿੱਚ ਡੁੱਬਿਆ ਰਹਿੰਦਾ ਤੇ ਕਦੇ ਕਦੇ ਉਥੇ ਹੀ ਬੈਠਾ ਫ਼ਰਸ਼ ਤੇ ਸੌ ਜਾਂਦਾ। ਜਦੋਂ ਇਕ ਦਿਨ ਸੂਰਜ ਨੇ ਕਾਲਜ ਤੋਂ ਆਉਂਦੇ ਹੋਏ ਆਸ਼ਰਮ ਦੇ ਇੱਕ ਟੀਚਰ ਨੂੰ ਉਸ ਬੱਚੇ ਬਾਰੇ ਪੁੱਛਿਆਂ ਤਾਂ ਉਹਨਾਂ ਨੇ ਦੱਸਿਆਂ ਕੀ ਇਹ ਦਿਲ ਦਾ ਮਰੀਜ਼ ਹੈ। ਇਸ ਲਈ ਸ਼ਇਦ ਇਸ ਦੇ ਘਰ ਦੇ ਇਹਨੂੰ ਆਸ਼ਰਮ ਵਿੱਚ ਛੱਡ ਗਏ। ਸੂਰਜ ਨੂੰ ਟੀਚਰ ਦੀ ਗੱਲ ਸੁਣ ਕੇ ਬੜਾ ਦੁੱਖ ਹੋਇਆ ਤੇ ਉਹਦੇ ਮਾਤਾ ਪਿਤਾ ਬਾਰੇ ਸੋਚਣ ਲੱਗਿਆ ਕਿ ਉਹ ਕਿੰਨੇ ਗਿਰੇ ਹੋਏ ਇਨਸਾਨ ਹੋਣਗੇ ਜਿਹਨਾਂ ਨੇ ਆਪਣਾ ਇਹਨਾਂ ਖੂਬਸੂਰਤ ਬੱਚਾ ਇਥੇ ਛੱਡ ਦਿੱਤਾ ਇਹਦੇ ਨਾਲੋਂ ਤਾਂ ਇਸ ਨੂੰ ਜਨਮ ਹੀ ਨਾ ਦਿੰਦੇ। ਫਿਰ ਉਹਨੇ ਸੋਚਿਆਂ ਕਿ

www.PunjabiLibrary.com

Scanned with CamScanner

ਉਹ ਉਸ ਬੱਚੇ ਨਾਲ ਦੋਸਤੀ ਕਰੇਗਾ ਤੇ ਉਸ ਨਾਲ ਹੱਸਿਆ ਖੇਡਿਆ ਕਰੇਗਾ। ਹੁਣ ਸੂਰਜ ਹਰ ਦਿਨ ਕਾਲਜ ਤੋਂ ਆ ਕੇ ਆਸ਼ਰਮ ਚਲੇ ਜਾਂਦਾ ਤੇ ਉਸ ਬੱਚੇ ਨਾਲ ਦੋਸਤੀ ਕਰਨ ਦਾ ਹਰ ਜਤਨ ਕਰਦਾ ਪਰ ਉਹ ਬੱਚਾ ਸੂਰਜ ਵੱਲ ਦੇਖਦਾ ਰਹਿੰਦਾ ਤੇ ਅਜਨਬੀ ਸਮਝ ਕੇ ਉਸ ਤੋਂ ਦੂਰ ਕਮਰੇ ਵੱਲ ਚਲੇ ਜਾਂਦਾ। ਸੂਰਜ ਹੀ ਨਹੀਂ ਉਹ ਬੱਚਾ ਆਸ਼ਰਮ ਵਿੱਚ ਰਹਿੰਦੇ ਕਿਸੇ ਨਾਲ ਵੀ ਬੋਲਦਾ ਨਹੀਂ ਸੀ। ਅੱਜ ਐਤਵਾਰ ਦਾ ਦਿਨ ਹੋਣ ਕਰਕੇ ਸੂਰਜ ਨੂੰ ਕਾਲਜ ਤੋਂ ਛੁੱਟੀ ਸੀ। ਸੂਰਜ ਆਪਣੇ ਕਮਰੇ ਦੀ ਸਾਫ ਸਫਾਈ ਕਰਕੇ ਆਪਣੇ ਕੱਪੜੇ ਧੋ ਰਿਹਾ ਸੀ। ਗਿਲੇ ਕੱਪੜਿਆਂ ਨੂੰ ਲੈ ਕੇ ਉਹ ਛੱਤ ਤੇ ਚੱਲਿਆ ਗਿਆ। ਜਦੋਂ ਉਸ ਦੀ ਨਜ਼ਰ ਆਸ਼ਰਮ ਵੱਲ ਗਈ ਤਾਂ ਉਸ ਨੇ ਦੇਖਿਆ ਕਿ ਸਾਰੇ ਬੱਚੇ ਆਪਣੇ ਹੱਥਾਂ ਵਿੱਚ ਗੁਲਾਬ ਦੇ ਫੁੱਲ ਤੇ ਕਈ ਬੱਚਿਆਂ ਦੇ ਹੱਥ ਵਿੱਚ ਫੁੱਲਾਂ ਦੀ ਮਾਲਾ ਫੜੀ ਹੋਈ ਸੀ ਤੇ ਟੀਚਰਾਂ ਦੇ ਹੱਥਾਂ ਵਿੱਚ ਵੀ ਇੱਕ ਇੱਕ ਫੁੱਲ ਫੜਿਆਂ ਹੋਇਆ ਸੀ। ਸੂਰਜ ਨੇ ਸੋਚਿਆਂ ਕਿ ਅੱਜ ਕੋਈ ਆਸ਼ਰਮ ਵਿੱਚ ਵੱਡਾ ਆਦਮੀ ਆਉਣ ਵਾਲਾ ਹੈ ਸੋਚ ਦੇ ਸੋਚ ਸੂਰਜ ਦੀ ਨਜ਼ਰ ਉਹੀ ਬੱਚੇ ਤੇ ਪਈ ਜੋ ਕੁੱਝ ਦਿਨ ਤੋਂ ਉਦਾਸ ਬੈਠਾ ਸੀ ਪਰ ਅੱਜ ਉਹ ਇਸ ਤਰ੍ਹਾਂ ਹੱਥ ਵਿੱਚ ਫੁੱਲ ਲੈ ਕੇ ਖੜਾ ਮੁਸਕਰਾ ਰਿਹਾ ਸੀ। ਜਿਵੇਂ ਉਸ ਦੇ ਕਿਸੇ ਘਰ ਦੇ ਮੈਂਬਰ ਨੇ ਉਸਨੂੰ ਮਿਲਣ ਆਉਣਾ ਹੋਵੇ। ਸੂਰਜ ਇਹ ਦੇਖ ਕੇ ਹੈਰਾਨ ਸੀ ਕਿ ਉਸਨੇ ਤਾਂ ਬੱਚੇ ਨੂੰ ਖੁਸ਼ ਰੱਖਣ ਲਈ ਇਹਨਾਂ ਕੁਝ ਕੀਤਾ ਪਰ ਉਹ ਉਹਦੇ ਨਾਲ ਬੋਲਿਆ ਤੱਕ ਨਹੀਂ ਉਹ ਦੇਖਣਾ ਚਾਹੁੰਦਾ ਸੀ ਕੀ ਅੱਜ ਕੌਣ ਆ ਰਿਹਾ ਹੈ। ਇਸੇ ਤਰ੍ਹਾਂ ਦੇਖਦੇ ਦੇਖ ਇੱਕ ਗੱਡੀ ਆ ਕੇ ਆਸ਼ਰਮ ਅੱਗੇ ਰੁੱਕ ਗਈ। ਉਸ ਵਿੱਚੋਂ ਇੱਕ ਖ਼ੂਬਸੂਰਤ ਲੜਕੀ ਨਿਕਲੀ ਜਿਸ ਦਾ ਰੰਗ ਰੂਪ ਕਿਸੇ ਹੀਰ ਤੋਂ ਘੱਟ ਨਹੀਂ ਸੀ। ਉਸਦਾ ਨਾਮ ਆਇਸ਼ਾ ਸੀ। ਉਹ



www.PunjabiLibrary.com

Scanned with CamScanner

ਸੂਰਜ ਦੇ ਕਾਲਜ ਵਿੱਚ ਹੀ ਆਪਣੀ ਪੜ੍ਹਾਈ ਕਰਦੀ ਸੀ। ਪਰ ਸੂਰਜ ਉਸਨੂੰ ਨਹੀਂ ਸੀ ਜਾਣਦਾ। ਆਇਸ਼ਾ ਨੇ ਗੱਡੀ ਦੀ ਡਿੱਗੀ ਵਿੱਚੋਂ ਸਾਮਾਨ ਕੱਢਣ ਦਾ ਇਸ਼ਾਰਾ ਆਪਣੇ ਡਰਾਈਵਰ ਵੱਲ ਕੀਤਾ। ਡਰਾਈਵਰ ਨੇ ਡਿੱਗੀ ਵਿੱਚੋਂ ਕਾਫ਼ੀ ਸਾਰਾ ਸਾਮਾਨ ਕੱਢ ਲਿਆਂਦਾ। ਜਿਸ ਵਿੱਚ ਬੱਚਿਆਂ ਲਈ ਖਾਣ ਪੀਣ ਦਾ ਸਾਮਾਨ ਤੇ ਕੱਪੜੇ ਸਨ। ਆਇਸ਼ਾ ਉਹਨਾਂ ਬੱਚਿਆਂ ਨੂੰ ਪਿਆਰ ਦੀ ਜਾਫੀ ਪਾ ਕੇ ਮਿਲਦੀ ਤੇ ਖਾਣ ਲਈ ਬਿਸਕੁਟ ਤੇ ਨਾਲ ਕੱਪੜੇ ਦਿੰਦੀ ਤੇ ਬੱਚੇ ਉਸਨੂੰ ਦੀਦੀ ਕਹਿ ਕੇ ਫੁੱਲ ਦਿੰਦੇ ਇਸ ਤਰ੍ਹਾਂ ਲੱਗਦਾ ਜਿਵੇਂ ਉਹਨਾਂ ਬੱਚਿਆਂ ਨੂੰ ਮਿਲਣ ਕੋਈ ਆਪਣਾ ਆ ਗਿਆ ਹੋਵੇ। ਇਸ ਤਰ੍ਹਾਂ ਆਇਸ਼ਾ ਸਾਰੇ ਬੱਚਿਆਂ ਨੂੰ ਕੱਪੜੇ ਤੇ ਹੋਰ ਸਾਮਾਨ ਵੰਡ ਕੇ ਓਥੋਂ ਚੱਲੀ ਗਈ। ਸ਼ਾਮ ਦੇ ਸਮੇਂ ਜਦੋਂ ਸੂਰਜ ਨੇ ਆਸ਼ਰਮ ਦੇ ਇਕ ਬੱਚੇ ਨੂੰ ਉਸ ਲੜਕੀ ਬਾਰੇ ਪੁੱਛਿਆ ਕੀ ਉਹ ਕੌਣ ਹੈ? ਉਸਦਾ ਨਾਮ ਕੀ ਹੈ? ਤਾਂ ਬੱਚੇ ਨੇ ਸੂਰਜ ਨੂੰ ਕਿਹਾ ਉਹ ਸਾਡੀ ਆਇਸ਼ਾ ਦੀਦੀ ਹੈ ਤੇ ਸਾਡੇ ਲਈ ਚੀਜੀ ਤੇ ਕੱਪੜੇ ਲੈ ਕੇ ਆਉਂਦੀ ਹੈ। ਸੂਰਜ ਨੇ ਸੋਚਿਆ ਕਿ ਅੱਜ ਦੇ ਸਮੇਂ ਵਿੱਚ ਵੀ ਚੰਗੇ ਇਨਸਾਨ ਇਸ ਦੁਨੀਆਂ ਤੇ ਹਨ। ਅਗਲੇ ਦਿਨ ਸੂਰਜ ਤਿਆਰ ਹੋ ਕੇ ਆਪਣੇ ਕਾਲਜ ਵੱਲ ਨੂੰ ਚੱਲ ਪਿਆ। ਰਸਤੇ ਵਿੱਚ ਉਸਨੇ ਦੇਖਿਆ ਕੀ ਆਇਸ਼ਾ ਇਕ ਬਜ਼ੁਰਗ ਆਦਮੀ ਨੂੰ ਸੜਕ ਪਾਰ ਕਰਵਾ ਰਹੀ ਸੀ। ਸੂਰਜ ਨੂੰ ਆਇਸ਼ਾ ਦਾ ਦੂਸਰੇ ਲੋਕਾਂ ਦੀ ਮਦਦ ਕਰਨਾ ਬੜਾ ਹੀ ਚੰਗਾ ਲੱਗਦਾ ਸੀ। ਸੂਰਜ ਕਾਲਜ ਵਿੱਚ ਪਹੁੰਚ ਕੇ ਸਿੱਧਾ ਆਪਣੀ ਕਲਾਸ ਵਿੱਚ ਜਾ ਬੈਠ ਗਿਆ ਉਸਦੀ ਕਲਾਸ ਲੱਗਣ ਵਿੱਚ ਹਲੇ ਕਾਫ਼ੀ ਸਮਾਂ ਸੀ। ਸੂਰਜ ਨੇ ਜਦੋਂ ਬਾਹਰ ਦੇਖਿਆ ਤਾਂ ਆਇਸ਼ਾ ਉਸਦੀ ਕਲਾਸ ਵੱਲ ਆਪਣੀ ਇਕ ਦੋਸਤ ਨਾਲ ਆ ਰਹੀ ਸੀ। ਉਸਨੇ ਸੋਚਿਆ ਕਿ ਆਇਸ਼ਾ ਵੀ ਉਸਦੀ ਕਲਾਸ



www.PunjabiLibrary.com

Scanned with CamScanner

ਵਿੱਚ ਹੀ ਪੜਦੀ ਹੋਵੇਗੀ ਪਰ ਉਸਨੇ ਕਦੇ ਧਿਆਨ ਹੀ ਨਹੀਂ ਦਿੱਤਾ। ਸੂਰਜ ਆਇਸ਼ਾ ਤੋਂ ਪੁੱਛਣਾ ਚਾਹੁੰਦਾ ਸੀ ਕੀ ਉਸਦੀ ਦਿਲ ਦੇ ਮਰੀਜ਼ ਵਾਲੇ ਬੱਚੇ ਨਾਲ ਦੋਸਤੀ ਕਿਵੇਂ ਹੋਈ? ਕਿਉਕਿ ਉਸ ਨਾਲ ਦੋਸਤੀ ਕਰਨਾ ਕੋਈ ਆਸਾਨ ਕੰਮ ਨਹੀਂ ਸੀ। ਇਕ ਦੋ ਦਿਨ ਬੀਤ ਗਏ ਪਰ ਉਸ ਦੀ ਪੁੱਛਣ ਦੀ ਹਿੰਮਤ ਨਾ ਹੋਈ। ਇਕ ਦਿਨ ਜਦੋ ਕਾਲਜ ਵਿੱਚ ਬਰੇਕ ਹੋਈ ਤਾਂ ਸੂਰਜ ਨੇ ਇੱਕ ਆਪਣੇ ਨਾਲ ਬੈਠੇ ਦੋਸਤ ਤੋਂ ਆਇਸ਼ਾ ਬਾਰੇ ਪੁੱਛਿਆ ਕਿ ਉਹ ਗਰੀਬ ਲੋਕਾਂ ਦੀ ਮਦਦ ਕਿਉਂ ਕਰਦੀ ਹੈ? ਸੂਰਜ ਦੇ ਨਾਲ ਬੈਠੇ ਦੋਸਤ ਰਾਜੇ ਨੇ ਦੱਸਿਆ ਕਿ ਆਇਸ਼ਾ ਇਸ ਕਾਲਜ ਦੀ ਸਭ ਤੋਂ ਚੰਗੀ ਸਟੂਡੈਂਟ ਹੈ। ਉਹ ਹਰ ਕਿਸੇ ਦੀ ਮਦਦ ਲਈ ਹਮੇਸ਼ਾ ਤਿਆਰ ਰਹਿੰਦੀ ਹੈ। ਉਸਨੂੰ ਜੇ ਰਸਤੇ ਵਿੱਚ ਵੀ ਕੋਈ ਨੰਗੇ ਪੈਰੀ ਗਰੀਬ ਬੱਚਾ ਜਾਂ ਬਜੁਰਗ ਮਿਲਦਾ ਹੈ ਤਾਂ ਉਸਨੂੰ ਚੱਪਲ ਜਾਂ ਬੂਟ ਲੈ ਕੇ ਦੇ ਦਿੰਦੀ ਹੈ। ਸੂਰਜ ਨੇ ਰਾਜੇ ਨੂੰ ਪੁੱਛਿਆ ਕਿ ਉਸ ਕੋਲ ਕਾਫੀ ਪੈਸਾ ਹੈ। ਰਾਜੇ ਨੇ ਉਸਨੂੰ ਕਿਹਾ ਕੀ ਪੈਸਾ ਦਾ ਤਾ ਪਤਾ ਨਹੀਂ ਪਰ ਉਸ ਕੁੜੀ ਦਾ ਦਿਲ ਬਹੁਤ ਵੱਡਾ ਤੇ ਚੰਗਾ ਹੈ। ਜੋ ਗਰੀਬ ਲੋਕਾਂ ਬਾਰੇ ਇਹਨਾਂ ਸੋਚ ਦੀ ਹੈ। ਸੂਰਜ ਦਾ ਇਹ ਸਭ ਗੱਲਾਂ ਸੁਣ ਕੇ ਆਇਸ਼ਾ ਬਾਰੇ ਦਿਲ ਬਹੁਤ ਖੁਸ਼ ਹੋਇਆ ਤੇ ਉਸਦੇ ਦਿਲ ਵਿੱਚ ਆਇਸ਼ਾ ਲਈ ਇੱਕ ਪਿਆਰ ਦੀ ਜੋਤ ਜਾਂਗ ਪਾਈ। ਉਹ ਹਰ ਵੇਲੇ ਕਾਲਜ ਵਿੱਚ ਆਇਸ਼ਾ ਬਾਰੇ ਹੀ ਸੋਚ ਦਾ ਰਹਿੰਦਾ ਤੇ ਉਸ ਵੱਲ ਦੇਖ ਦਾ ਰਹਿੰਦਾ। ਦਿਲ ਦਾ ਰਿਸ਼ਤਾ ਬੜਾ ਹੀ ਅਜੀਬ ਹੁੰਦਾ ਹੈ। ਜਦ ਕਿਸੇ ਨੂੰ ਦਿਲ ਦਾ ਜਾਨੀ ਮਿਲਣ ਦੀ ਆਸ ਹੋਵੇ ਤਾਂ ਉਹ ਉਸਨੂੰ ਰੱਬ ਮਿਲ ਜਾਨ ਦੇ ਬਰਾਬਰ ਜਪਦਾ ਹੈ। ਇਕ ਦਿਨ ਜਦੋਂ ਕਾਲਜ ਦੀ ਪਾਰਕ ਵਿੱਚ ਸੂਰਜ ਨੇ ਆਇਸ਼ਾ ਨੂੰ ਇਕੱਲੇ ਬੈਠੇ ਦੇਖਿਆ ਤੇ ਉਸਨੇ ਸੋਚਿਆ ਕੀ ਉਹ ਆਇਸ਼ਾ ਨਾਲ ਜਾ ਕੇ ਅੱਜ ਹੀ ਦੋਸਤੀ ਕਰ

www.PunjabiLibrary.com

Scanned with CamScanner

ਲਵੇਗਾ। ਸੂਰਜ ਨੇ ਆਪਣੇ ਕਦਮ ਆਇਸ਼ਾ ਵੱਲ ਵਾਧਾ ਦਿੱਤੇ ਤੇ ਉਸਨੇ ਆਇਸ਼ਾ ਕੋਲ ਜਾ ਕੇ ਬੜੇ ਹੀ ਪਿਆਰ ਨਾਲ ਹੇਲੋ ਆਇਸ਼ਾ ਕਿਹਾ ਤੇ ਉਸਨੇ ਵੀ ਮੁਸਕਰਾ ਕੇ ਸੂਰਜ ਨੂੰ Hiii ਕਹਿ ਦਿੱਤਾ। ਸੂਰਜ ਨੇ ਆਇਸ਼ਾ ਨੂੰ ਕਿਹਾ ਤੁਸੀਂ ਮੈਨੂੰ ਜਾਣਦੇ ਉਹ ਮੈਂ ਤੁਹਾਡੀ ਹੀ ਕਲਾਸ ਵਿੱਚ ਹਾਂ ਜੀ। ਆਇਸ਼ਾ ਨੇ ਹਾਂ ਵਿੱਚ ਉੱਤਰ ਦਿੱਤਾ। ਸੂਰਜ ਨੇ ਆਇਸ਼ਾ ਨੂੰ ਕਿਹਾ ਤੁਸੀਂ ਇਕ ਦਿਨ ਜਦੋਂ ਅਨਾਥ ਆਸ਼ਰਮ ਵਿੱਚ ਬੱਚਿਆਂ ਨੂੰ ਮਿਲਣ ਆਏ ਸੀ ਮੈਂ ਤੁਹਾਨੂੰ ਦੇਖਿਆ ਸੀ। ਆਇਸ਼ਾ ਨੇ ਸੂਰਜ ਨੂੰ ਕਿਹਾ ਮੈਂ ਹਰ ਮਹੀਨੇ ਦੇ ਆਖਰੀ ਹਫਤੇ ਉਹਨਾਂ ਬੱਚਿਆਂ ਨੂੰ ਮਿਲਣ ਲਈ ਜਾਂਦੀ ਆ ਕਿਉਂਕਿ ਉਹਨਾਂ ਦਾ ਇਸ ਦੁਨੀਆਂ ਵਿੱਚ ਕੋਈ ਨਹੀਂ। ਸੂਰਜ ਨੇ ਆਇਸ਼ਾ ਨੂੰ ਕਿਹਾ ਮੇਰਾ ਕਮਰਾ ਵੀ ਉਸ ਆਸ਼ਰਮ ਦੇ ਕੋਲ ਹੈ। ਮੈ ਵੀ ਉਥੇ ਬੱਚਿਆਂ ਨੂੰ ਕਈ ਵਾਰ ਮਿਲਣ ਗਿਆ ਹਾਂ। ਸਭ ਬੱਚੇ ਬੜੇ ਹੀ ਚੰਗੇ ਨੇ ਤੇ ਹੱਸ ਕੇ ਮਿਲਦੇ ਹਨ। ਪਰ ਉਹਨਾਂ ਵਿੱਚੋਂ ਇੱਕ ਬੱਚਾ ਤਾਂ ਮੇਰੇ ਨਾਲ ਗੱਲ ਕਰਕੇ ਵੀ ਰਾਜ਼ੀ ਨਹੀਂ ਮੈਂ ਉਸ ਲਈ ਖਾਣ ਪੀਣ ਵਾਸਤੇ ਵੀ ਕਾਫੀ ਸਾਮਾਨ ਕਈ ਵਾਰੀ ਲੈ ਕੇ ਗਿਆ। ਪਰ ਉਹ ਮੇਰੇ ਕੋਲੋ ਕੁੱਝ ਵੀ ਨਹੀਂ ਲੈਂਦਾ ਤੇ ਦੂਰ ਇਕ ਪਾਸੇ ਚਲਾ ਜਾਂਦਾ ਹੈ। ਆਇਸ਼ਾ ਨੇ ਸੂਰਜ ਨੂੰ ਪੁੱਛਿਆ ਤੁਸੀਂ ਕਿਸ ਬੱਚੇ ਦੀ ਗੱਲ ਕਰ ਰਹੇ ਹੋ। ਸੂਰਜ ਨੇ ਆਇਸ਼ਾ ਨੂੰ ਕਿਹਾ ਉਸੇ ਬੱਚੇ ਦੀ ਜੋ ਦਿਲ ਦਾ ਮਰੀਜ਼ ਹੈ। ਆਇਸ਼ਾ ਨੇ ਮੁਸਕਰਾ ਕੇ ਕਿਹਾ ਉਹ ਬੱਚਾ ਤੁਹਾਡੇ ਨਾਲ ਕਿ ਕਿਸੇ ਨਾਲ ਵੀ ਗੱਲ ਨਹੀਂ ਕਰਦਾ। ਬੱਸ ਮੇਰੇ ਨਾਲ ਹੀ ਉਸਦਾ ਬੜਾ ਪਿਆਰ ਹੈ। ਕਿਉਂਕਿ ਉਸਨੂੰ ਆਸ਼ਰਮ ਵਿੱਚ ਵੀ ਮੈ ਹੀ ਛੱਡ ਕੇ ਆਈ ਸੀ। ਜਦੋਂ ਉਸ ਦੀ ਉਮਰ ਹਲੇ 4,5 ਸਾਲ ਦੀ ਸੀ। ਉਹ ਮੈਨੂੰ ਇੱਕ ਪੁਰਾਣੇ ਮੰਦਿਰ ਦੇ ਕੋਲ ਇੱਕ ਨਦੀ ਕਿਨਾਰੇ ਮਿਲਿਆ ਸੀ। ਜੇ ਮੈ ਉਸ ਨੂੰ



www.PunjabiLibrary.com

Scanned with CamScanner

ਨਾ ਚੁੱਕ ਦੀ ਤਾ ਸ਼ਇਦ ਉਹ ਪਾਣੀ ਵਿੱਚ ਡੁਬ ਕੇ ਮਰ ਜਾਂਦਾ। ਉਸਨੂੰ ਮੈ ਆਪਣੇ ਘਰ ਵਿੱਚ ਕਾਫ਼ੀ ਸਮਾਂ ਰੱਖਿਆ ਤੇ ਉਸਦੇ ਮਾਤਾ ਪਿਤਾ ਦੀ ਵੀ ਬੜੀ ਭਾਲ ਕੀਤੀ ਪਰ ਉਹ ਨਾ ਮਿਲੇ। ਫਿਰ ਮੇਰੀ ਮਾਂ ਨੇ ਮੈਨੂੰ ਕਿਹਾ ਆਇਸ਼ਾ ਬੇਟਾ ਜੇ ਆਪਾ ਇਸ ਨੂੰ ਕਿਸੇ ਆਸ਼ਰਮ ਵਿੱਚ ਛੱਡ ਆਏ ਤਾਂ ਚੰਗਾ ਰਹੇਗਾ। ਪਰ ਮੇਰਾ ਉਸ ਬੱਚੇ ਨਾਲ ਬੜਾ ਹੀ ਪਿਆਰ ਪੈ ਗਿਆ ਸੀ। ਉਸਨੂੰ ਦੂਰ ਕਰਨ ਨੂੰ ਦਿਲ ਨਹੀਂ ਸੀ ਕਰਦਾ। ਪਰ ਪੁਲਿਸ ਨੇ ਕਿਹਾ ਤੁਸੀਂ ਇਸਨੂੰ ਸਾਡੇ ਹਵਾਲੇ ਕਰ ਦਿਉ ਨਹੀਂ ਤਾਂ ਕੋਈ ਤੁਹਾਡੇ ਉਪਰ ਚੋਰੀ ਦਾ ਇਲਜਾਮ ਲਗਾ ਦੇਵੇਗਾ। ਇਸ ਮਜਬੂਰੀਨੇ ਉਸ ਨੂੰ ਮੇਰੇ ਕੋਲੋਂ ਦੂਰ ਕਰ ਦਿੱਤਾ। ਮੈਂ ਉਸਦਾ ਨਾਮ ਮੋਹਿਤ ਰੱਖ ਦਿੱਤਾ ਸੀ। ਮੋਹਿਤ ਨੂੰ ਮੈਂ ਜਦੋਂ ਆਸ਼ਰਮ ਵਿੱਚ ਛੱਡਣ ਗਈ ਤਾਂ ਉਹ ਬਹੁਤ ਰੋਇਆ ਪਰ ਹੋਲੀ ਹੋਲੀ ਉਸਦਾ ਦਿਲ ਬੱਚਿਆਂ ਨਾਲ ਲੱਗਣ ਲੱਗ ਗਿਆ ਸੀ। ਆਇਸ਼ਾ ਦੀ ਗੱਲਾਂ ਨੂੰ ਸੂਰਜ ਬੜੇ ਹੀ ਧਿਆਨ ਨਾਲ ਸੁਣ ਰਹਿਆ ਸੀ। ਆਇਸ਼ਾ ਨੇ ਦੱਸਿਆ ਕਿ ਮੋਹਿਤ ਪਹਿਲਾ ਦਿਲ ਦਾ ਮਰੀਜ਼ ਨਹੀ ਸੀ। ਉਸਨੂੰ ਪਹਿਲਾ ਦਿਲ ਦਾ ਦੌਰਾ ਆਸ਼ਰਮ ਵਿੱਚ ਹੀ ਪਿਆ ਸੀ। ਤੇ ਉਸ ਤੋਂ ਬਾਅਦ ਉਹ ਚੁਪ ਚੁਪ ਰਹਿਣ ਲੱਗਿਆ। ਪਹਿਲਾ ਉਹ ਆਸ਼ਰਮ ਦੇ ਸਭ ਬੱਚਿਆਂ ਨਾਲ ਖੇਡਦਾ ਟੱਪਦਾ ਪਰ ਹੁਣ ਉਹ ਕਿਸੇ ਨਾਲ ਵੀ ਨਹੀਂ ਖੇਡਦਾ। ਸੂਰਜ ਨੇ ਆਇਸ਼ਾ ਨੂੰ ਦੱਸਿਆ ਕਿ ਜਿਸ ਦਿਨ ਤੁਸੀਂ ਮੋਹਿਤ ਨੂੰ ਮਿਲਣ ਅਨਾਥ ਆਸ਼ਰਮ ਆਏ ਸੀ ਉਸ ਦਿਨ ਉਹ ਬੜਾ ਹੀ ਖੁਸ਼ ਸੀ। ਜਿਵੇਂ ਉਸ ਨੂੰ ਕੋਈ ਲੈਣ ਆ ਗਿਆ ਹੋਵੇ। ਉਸ ਦਾ ਤੁਹਾਡੇ ਨਾਲ ਬਹੁਤ ਪ੍ਰੇਮ ਹੈ ਆਇਸ਼ਾ ਨੇ ਸੂਰਜ ਨੂੰ ਕਿਹਾ ਤੁਸੀ ਤਾਂ ਆਸ਼ਰਮ ਦੇ ਕੋਲ ਹੀ ਰਹਿੰਦੇ ਹੋ ਜੇ ਮੈ ਤੁਹਾਡੀ ਦੋਸਤੀ ਮੋਹਿਤ ਨਾਲ ਕਰਵਾ ਦੇਵਾ ਸੂਰਜ ਆਇਸ਼ਾ ਦੀ ਇਹ ਗੱਲ ਸੁਣ ਬੜਾ ਖੁਸ਼

Scanned with CamScanner

ਹੋਇਆ। ਆਇਸ਼ਾ ਨੇ ਕਿਹਾ ਕੱਲ Sunday ਹੈ ਆਸ਼ਰਮ ਵਿੱਚ ਆਵਾਗੀ ਤੇ ਤੁਸੀ ਵੀ ਮੇਰੇ ਨਾਲ ਚੱਲਣਾ। ਸੂਰਜ ਸਾਰੀ–ਸਾਰੀ ਰਾਤ ਆਇਸ਼ਾ ਦੇ ਬਾਰੇ ਹੀ ਸੋਚਦਾ ਰਿਹਾ ਤੇ ਕਿ ਉਹ ਉਸਨੂੰ ਆਪਣੇ ਦਿਲ ਦੀ ਗੱਲ ਕਿਵੇਂ ਦੱਸੇ ਕਿ ਉਸਨੂੰ ਉਸ ਨਾਲ ਸੱਚਾ ਪ੍ਰੇਮ ਹੋ ਗਿਆ ਹੈ। ਬੇਸੱਕ ਉਹ ਗਰੀਬ ਹੈ ਪਰ ਪਿਆਰ ਸੱਚਾ ਕਰਦਾ ਹੈ ਤੇ ਕਦੇ ਉਹ ਮੋਹਿਤ ਬਾਰੇ ਸੋਚਣ ਲੱਗਦਾ ਕੀ ਉਹ ਉਸ ਨਾਲ ਦੋਸਤੀ ਕਰ ਲਵੇਗਾ ਜਾਂ ਨਹੀਂ। ਅਗਲੇ ਦਿਨ ਸੂਰਜ ਜਲਦੀ ਜਲਦੀ ਨਾਲ ਨਹਾ ਕੇ ਤਿਆਰ ਹੋ ਗਿਆ ਉਹ ਆਸ਼ਰਮ ਦੇ ਗੇਟ ਅੱਗੇ ਜਾ ਖੜ੍ਹਾ ਹੋ ਗਿਆ ਥੋੜ੍ਹੇ ਸਮੇਂ ਬਾਅਦ ਆਇਸ਼ਾ ਉਥੇ ਆ ਗਈ ਅੱਜ ਉਹ ਕਿਸੇ ਗੱਡੀ ਵਿੱਚ ਨਹੀਂ ਆਈ ਸੀ ਸਗੋਂ ਇੱਕ ਸਕੂਟਰੀ ਲੈ ਕੇ ਆਈ ਸੀ। ਉਸ ਦੇ ਹੱਥ ਵਿੱਚ ਬੱਚਿਆਂ ਵਾਸਤੇ ਕਾਫੀ ਖਾਣ ਪੀਣ ਦਾ ਸਾਮਾਨ ਫੜਿਆ ਹੋਇਆ ਸੀ। ਆਇਸ਼ਾ ਨੇ ਉਹ ਸਾਰਾ ਸਾਮਾਨ ਸੂਰਜ ਨੂੰ ਦੇ ਦਿੱਤਾ। ਸੂਰਜ ਤੇ ਆਇਸ਼ਾ ਆਸ਼ਰਮ ਚੱਲੇ ਗਏ। ਤੇ ਉਹਨਾਂ ਨੇ ਉਥੇ ਦੇ ਇੱਕ ਟੀਚਰ ਨੂੰ ਮੋਹਿਤ ਬਾਰੀ ਪੁੱਛਿਆ। ਤਾਂ ਟੀਚਰ ਉਹਨਾਂ ਨੂੰ ਮੋਹਿਤ ਦੇ ਕਮਰੇ ਤੱਕ ਲੈ ਗਿਆ। ਮੋਹਿਤ ਆਇਸ਼ਾ ਨੂੰ ਦੇਖ ਕੇ ਬੜਾ ਹੀ ਖੁਸ ਹੋਇਆ ਤੇ ਦੌੜਦਾ ਹੋਇਆ ਉਸਦੇ ਕੋਲ ਆ ਗਿਆ। ਆਇਸ਼ਾ ਨੇ ਮੋਹਿਤ ਨੂੰ ਆਪਣੀਆਂ ਬਾਹਾਂ ਵਿੱਚ ਲੈਦੇ ਹੋਏ ਸੂਰਜ ਵੱਲ ਉਗਲ ਕਰਦਿਆਂ ਕਿਹਾ ਕਿ ਮੋਹਿਤ ਤੁਸੀ ਇਸ ਨੂੰ ਜਾਣਦੇ ਹੋ ਤਾਂ ਉਹਨੇ ਹਾਂ ਵਿੱਚ ਸਿਰ ਹਿਲਾ ਦਿੱਤਾ ਆਇਸ਼ਾ ਨੇ ਮੋਹਿਤ ਨੂੰ ਫਿਰ ਕਿਹਾ ਕੀ ਇਹ ਤੇਰੇ ਨਾਲ ਦੋਸਤੀ ਕਰਨ ਲਈ ਇਥੇ ਆਏ ਨੇ ਤੂੰ ਦੋਸਤੀ ਕਰੇਗਾ। ਮੋਹਿਤ ਸੂਰਜ ਵੱਲ ਦੇਖਦਾ ਬੋਲਿਆ ਹਾਂ ਜੀ ਦੀਦੀ ਇਹ ਗੱਲ ਸੁਣ ਸੂਰਜ ਬੜਾ ਹੀ ਖੁਸ ਹੋਇਆ ਤੇ ਉਹਨੇ ਮੋਹਿਤ ਨੂੰ ਘੁੱਟ ਕੇ ਜੱਫੀ ਪਾ ਲਈ। ਇਸ ਤਰ੍ਹਾਂ ਸੂਰਜ ਤੇ ਮੋਹਿਤ ਇੱਕ



Scanned with CamScanner

ਦੂਸਰੇ ਦੇ ਦੋਸਤ ਬਣ ਗਏ। ਹੁਣ ਉਹ ਹਰ ਦਿਨ ਮੋਹਿਤ ਨਾਲ ਹੱਸਦਾ ਰਹਿੰਦਾ ਖੇਡਦਾ ਰਹਿੰਦਾ ਤੇ ਕਦੇ ਕਦੇ ਆਇਸ਼ਾ ਸੂਰਜ ਦੇ ਘਰ ਆ ਜਾਂਦੀ। ਤੇ ਉਹ ਮੋਹਿਤ ਨੂੰ ਲੈ ਕੇ ਘੁੰਮਣ ਚਲੇ ਜਾਂਦੇ। ਸੂਰਜ ਕਦੇ ਕਦੇ ਸੋਚਦਾ ਕੀ ਉਹ ਆਇਸ਼ਾ ਨੂੰ ਆਪਣੇ ਦਿਲ ਦੀ ਗੱਲ ਦੱਸ ਦੇਵੇ ਪਰ ਉਹ ਸੋਚਦਾ ਕੀ ਉਹ ਉਸ ਦੀ ਗੱਲ ਦਾ ਗੁੱਸਾ ਨਾ ਕਰ ਜਾਵੇ। ਇਸ ਲਈ ਪਿੱਛੇ ਹੱਟ ਜਾਂਦਾ। ਇਸ ਤਰ੍ਹਾਂ ਉਹਨਾਂ ਦੇ ਦਿਨ ਖੁਸ਼ੀ ਖੁਸ਼ੀ ਬੀਤ ਦੇ ਜਾਂਦੇ। ਇੱਕ ਦਿਨ ਆਇਸ਼ਾ ਨੇ ਸੂਰਜ ਨੂੰ ਦੱਸਿਆ ਕੀ ਕੱਲ੍ਹ ਉਸਦਾ ਜਨਮ ਦਿਨ ਹੈ ਤੇ ਉਹ ਉਸਦੇ ਨਾਲ ਮੰਦਿਰ ਨੂੰ ਜਾਣ ਲਈ ਤਿਆਰ ਰਹੇ। ਸੂਰਜ ਨੇ ਆਇਸ਼ਾ ਨੂੰ ਹਾ ਵਿੱਚ ਸਿਰ ਹਿਲਾ ਦਿੱਤਾ। ਸਵੇਰੇ ਸੂਰਜ ਆਇਸ਼ਾ ਦੇ ਜਨਮ ਦਿਨ ਉੱਤੇ ਉਸ ਨੂੰ ਇੱਕ ਚੰਗਾ ਤੋਹਫਾ ਦੇਣਾ ਚਾਹੁੰਦਾ ਸੀ। ਪਰ ਉਸ ਕੋਲ ਇੰਨੇ ਪੈਸੇ ਨਹੀ ਸਨ। ਫਿਰ ਉਸਨੇ ਸੋਚਿਆ ਕੀ ਉਹ ਦੋ ਦਿਨ ਦੀ ਰੋਟੀ ਨਹੀਂ ਮੰਗਵੇਗਾ। ਸੂਰਜ ਆਪਣੇ ਰੋਟੀ ਇੱਕ ਹੋਟਲ ਤੋਂ ਮੰਗਵਾ ਕੇ ਖਾਂਦਾ ਸੀ। ਕਿਉਂਕਿ ਉਸ ਨੂੰ ਆਪ ਰੋਟੀ ਪਕਾਉਣੀ ਨਹੀਂ ਸੀ ਆਉਦੀ। ਉਸਨੇ ਆਪਣੀ ਰੋਟੀ ਦੇ ਦੋ ਦਿਨ ਦੇ ਪੈਸੇ ਕੱਢ ਕੇ ਆਇਸ਼ਾ ਲਈ ਇੱਕ ਸੋਹਣਾ ਜਿਹਾ ਵੱਡਾ ਟੈਡੀ ਲੈ ਲਿਆ। ਅਗਲੇ ਦਿਨ ਉਸਨੇ ਆਇਸ਼ਾ ਨੂੰ ਉਹ ਗਿਫਟ ਦੇ ਦਿੱਤਾ। ਪਰ ਆਇਸ਼ਾ ਨੂੰ ਸੂਰਜ ਦੇ ਬਾਰੇ ਪਤਾ ਸੀ ਕਿ ਉਹ ਇਹ ਗਿਫਟ ਜਰੂਰ ਆਪਣਾ ਕੁਝ ਵੇਚ ਕੇ ਲਿਆਈਆ ਹੋਵੇਗਾ। ਉਸਨੇ ਸੂਰਜ ਨੂੰ ਕਈ ਵਾਰੀ ਪੁੱਛਿਆ ਪਰ ਉਸਨੇ ਸੱਚ ਨਾ ਦੱਸਿਆ। ਆਇਸ਼ਾ ਸੂਰਜ ਤੇ ਮੋਹਿਤ ਨੂੰ ਲੈ ਕੇ ਮੰਦਿਰ ਚਲੀ ਗਈ। ਆਇਸ਼ਾ ਆਪਣਾ ਜਨਮ ਦਿਨ ਹਰ ਸਾਲ ਕਾਫੀ ਸਮੇਂ ਤੋਂ ਗਰੀਬ ਬੱਚਿਆਂ ਵਿੱਚ ਮਨਾਉਦੀ ਸੀ। ਉਸ ਮੰਦਿਰ ਦੇ ਬਾਹਰ ਕਾਫੀ ਗਰੀਬ ਬੱਚੇ ਤੇ ਬਜੁਰਗ ਲੋਕ ਬੈਠੇ ਹੁੰਦੇ। ਆਇਸ਼ਾ ਨੇ ਇੱਕ



Scanned with CamScanner

ਦਿਨ ਪਹਿਲਾ ਹੀ ਰੋਟੀ ਪਾਣੀ ਦਾ ਆਡਰ ਹੋਟਲ ਵਿੱਚ ਦੇ ਦਿੱਤਾ ਸੀ। ਉਹਨੇ ਉੱਥੋਂ ਰੋਟੀ ਮੰਗਵਾ ਕੇ ਸਾਰੇ ਗਰੀਬ ਬੱਚਿਆਂ ਤੇ ਬਜ਼ੁਰਗਾਂ ਵਿੱਚ ਵੰਡ ਦਿੱਤੀ। ਅਗਲੇ ਦਿਨ ਸੂਰਜ ਨੇ ਕਾਲਜ ਜਾਣਾ ਸੀ ਪਰ ਉਸਦੀ ਹਿੰਮਤ ਨਹੀਂ ਪੈ ਰਹੀ ਸੀ। ਉਸਨੇ ਰਾਤ ਦਾ ਕੁਝ ਵੀ ਨਹੀਂ ਸੀ ਖਾਂਦਾ। ਉਸਦੇ ਕਮਰੇ ਵਿੱਚ ਕੱਪੜਿਆਂ ਤੋਂ ਬਿਨ੍ਹਾਂ ਹੋਰ ਕੋਈ ਸਾਮਾਨ ਨਹੀਂ ਸੀ। ਉਹਦਾ ਭੁੱਖ ਨਾਲ ਬੁਰਾ ਹਾਲ ਹੋ ਰਿਹਾ ਸੀ। ਇਸ ਤਰ੍ਹਾਂ ਅੱਜ ਉਹ ਕਾਲਜ ਨਾ ਜਾ ਸਕਿਆ। ਆਇਸ਼ਾ ਸਾਰਾ ਦਿਨ ਬੈਠੀ ਕਾਲਜ ਵਿੱਚ ਸੋਚਦੀ ਰਹੀ ਕੀ ਸੂਰਜ ਅੱਜ ਕਾਲਜ ਕਿਉਂ ਨਹੀ ਆਇਆ। ਅਗਲੇ ਦਿਨ ਸੂਰਜ ਦੀ ਸਿਹਤ ਬਹੁਤ ਜਿਆਦਾ ਖਰਾਬ ਹੋ ਗਈ ਸੀ। ਉਹ ਆਪਣੇ ਬਿਸਤਰ ਤੋਂ ਉੱਠ ਨਾ ਸਕਿਆ। ਸੂਰਜ ਦਾ ਭੁੱਖ ਨਾਲ ਬੁਰਾ ਹਾਲ ਹੋ ਗਿਆ ਸੀ। ਅੱਜ ਵੀ ਉਹ ਕਾਲਜ ਨਾ ਜਾ ਸਕਿਆ ਤੇ ਸਾਰਾ ਦਿਨ ਆਪਣੇ ਬਿਸਤਰ ਉੱਤੇ ਹੀ ਪਿਆ ਰਿਹਾ। ਆਇਸ਼ਾ ਅੱਜ ਫਿਰ ਉਸਦੇ ਬਾਰੇ ਹੀ ਸੋਚਦੀ ਰਹੀ ਤੇ ਉਹਦਾ ਦਿਲ ਬੜਾ ਘੁਬਰਾਉਣ ਲੱਗਿਆ। ਉਸਨੇ ਸੋਚਿਆ ਕੀ ਉਹ ਕਾਲਜ ਦੀ ਛੁੱਟੀ ਤੋਂ ਬਾਅਦ ਸਿੱਧਾ ਸੂਰਜ ਕੋਲ ਜਾਵੇਗੀ। ਕਾਲਜ ਦੀ ਛੁੱਟੀ ਹੋਣ ਤੋਂ ਬਾਅਦ ਆਇਸ਼ਾ ਸੂਰਜ ਦੇ ਵੱਲ ਨੂੰ ਚੱਲ ਪਈ। ਜਦੋਂ ਉਹ ਸੂਰਜ ਦੇ ਕਮਰੇ ਅੰਦਰ ਗਈ ਤਾਂ ਉਸਨੇ ਦੇਖਿਆ ਸੂਰਜ ਬਿਸਤਰ ਉਤੇ ਸੁੱਤਾ ਪਿਆ ਸਾਹ ਜਿਹੇ ਘੜੀਸ ਰਿਹਾ ਸੀ। ਸੂਰਜ ਦੀ ਇਹ ਹਾਲਤ ਦੇਖਕੇ ਆਇਸ਼ਾ ਬਹੁਤ ਡਰ ਗਈ। ਸੂਰਜ ਦੇ ਕਮਰੇ ਦੇ ਨਜਦੀਕ ਇੱਕ ਡਾਕਟਰ ਰਹਿੰਦਾ ਸੀ। ਉਹ ਜਲਦੀ ਜਲਦੀ ਕਦਮ ਪੁੱਟਦੀ ਡਾਕਟਰ ਨੂੰ ਲੈ ਆਈ। ਜਦੋਂ ਡਾਕਟਰ ਨੇ ਸੂਰਜ ਦਾ ਚੈੱਕਅਪ ਕੀਤਾ ਤਾਂ ਉਹ ਸੂਰਜ ਦੀ ਬਿਮਾਰੀ ਨੂੰ ਝੱਟ ਸਮਝ ਗਿਆ। ਡਾਕਟਰ ਨੇ ਆਇਸ਼ਾ ਨੂੰ ਦੱਸਿਆ ਕਿ ਇਸ ਨੇ ਦੋ

Scanned with CamScanner

ਦਿਨ ਤੋਂ ਕੁਝ ਵੀ ਖਾਂਦਾ ਪੀਤਾ ਨਹੀਂ ਹੈ। ਇਸ ਨੂੰ ਜਲਦੀ ਤੋ ਜਲਦੀ ਕੋਈ ਫਲ ਫਰੂਟ ਲਿਆ ਕੇ ਖਾਵੋਂ। ਆਇਸ਼ਾ ਉਸੇ ਸਮੇਂ ਮਾਰਕੀਟ ਚੋਂ ਫਲ ਤੇ ਹੋਟਲ ਵਿੱਚੋਂ ਰੋਟੀ ਪੈਕ ਕਰਵਾ ਕੇ ਲੈ ਆਈ। ਆਇਸ਼ਾ ਆਪਣੇ ਹੱਥਾਂ ਨਾਲ ਜਦੋਂ ਸੂਰਜ ਨੂੰ ਰੋਟੀ ਖਵਾਉਣ ਲੱਗਦੀ ਤਾਂ ਉਹਦੇ ਅੱਖਾਂ ਵਿੱਚੋਂ ਹੰਝੂ ਨਿਕਲਦੇ ਪਰ ਉਹ ਨੂੰ ਇਹ ਪਤਾ ਨਾ ਲੱਗਦਾ ਕਿ ਸੂਰਜ ਨੇ ਇਹ ਸਭ ਕਿਸ ਲਈ ਕੀਤਾ ਹੈ। ਹੁਣ ਹਰ ਦਿਨ ਆਇਸ਼ਾ ਸੂਰਜ ਦੀ ਰੋਟੀ ਲੈ ਕੇ ਆਉਦੀ ਤੇ ਸੂਰਜ ਨੂੰ ਖਵਾ ਕੇ ਚਲੀ ਜਾਂਦੀ। ਇੱਕ ਹਫਤੇ ਵਿੱਚ ਸੂਰਜ ਬਿਲਕੁਲ ਤੰਦਰੁਸਤ ਹੋ ਗਿਆ ਸੀ। ਅੱਜ ਉਹ ਕਾਲਜ ਜਾਣ ਲਈ ਤਿਆਰ ਹੋ ਰਿਹਾ ਸੀ ਉਸਦੇ ਕਮਰੇ ਅੰਦਰ ਮੋਹਿਤ ਆ ਗਿਆ। ਸੂਰਜ ਨੇ ਜਦ ਮੋਹਿਤ ਨੂੰ ਦੇਖਿਆ ਤਾਂ ਉਸਦਾ ਦਿਲ ਬੜਾ ਖੁਸ਼ ਹੋਇਆ। ਤੇ ਉਸਨੇ ਮੋਹਿਤ ਨੂੰ ਘੁੱਟ ਕੇ ਜੱਫੀ ਪਾ ਲਈ। ਪਰ ਮੋਹਿਤ ਨੇ ਸੂਰਜ ਨੂੰ ਕਿਹਾ ਤੁਸੀਂ ਮੈਨੂੰ ਇਹਨੇ ਦਿਨ ਤੋਂ ਮਿਲਣ ਕਿਉਂ ਨਹੀ ਆਏ। ਮੈਂ ਅੱਜ ਤੋਂ ਤੁਹਾਡੇ ਨਾਲ ਕਦੇ ਵੀ ਗੱਲ ਨਹੀਂ ਕਰਨੀ। ਸੂਰਜ ਨੇ ਮੋਹਿਤ ਦੀ ਇਹ ਗੱਲ ਸੁਣ ਕੇ ਆਪਣੇ ਦੋਨੋਂ ਕੰਨ ਫੜ੍ਹ ਲਏ ਅਤੇ ਮਾਫੀ ਮੰਗਣ ਲੱਗਾ। ਫਿਰ ਆਚਨਕ ਆਇਸ਼ਾ ਉਸਦੇ ਕਮਰੇ ਵਿੱਚ ਆ ਗਈ। ਤੇ ਉਸਨੇ ਮੋਹਿਤ ਦੇ ਸਿਰ ਉੱਤੇ ਹੱਥ ਰੱਖ ਕੇ ਕਿਹਾ ਮੋਹਿਤ ਤੁਹਾਨੂੰ ਨਹੀਂ ਮਾਫ ਕਰੇਗਾ। ਜਦੋਂ ਤੱਕ ਸਾਨੂੰ ਤੁਸੀਂ ਆਪਣੇ ਦੋ ਦਿਨ ਭੁੱਖੇ ਰਹਿਣਾ ਦਾ ਕਾਰਨ ਨਹੀਂ ਦੱਸਦੇ ਕਿਉਂ ਕੀਤਾ ਇਹ ਸਭ ਕਿਸ ਲਈ ਦੱਸੋ। ਸੂਰਜ ਨੇ ਆਇਸ਼ਾ ਤੋਂ ਮਾਫੀ ਮੰਗੀ ਤੇ ਕਿਹਾ ਮੇਰੇ ਕੋਲ ਇੰਨੇ ਪੈਸੇ ਨਹੀਂ ਸੀ ਕਿ ਮੈਂ ਤੈਨੂੰ ਤੇਰੇ ਜਨਮ ਦਿਨ ਤੇ ਕੋਈ ਤੋਹਫਾ ਦੇ ਸਕਾ। ਇਸ ਲਈ ਦੋ ਦਿਨ ਦੀ ਰੋਟੀ ਛੱਡ ਦਿੱਤੀ ਤੇ ਉਹਨਾਂ ਪੈਸਿਆ ਦਾ ਤੇਰੇ ਲਈ ਤੋਹਫਾ ਲੈ ਲਿਆ। ਆਇਸ਼ਾ ਸੂਰਜ ਦੀ ਇਹ ਗੱਲ ਸੁਣ ਕੇ ਉਸ ਨੂੰ ਜੱਫੀ

www.PunjabiLibrary.com

Scanned with CamScanner

ਪਾ ਕੇ ਰੋਣ ਲੱਗ ਪਈ। ਇਸੇ ਤਰ੍ਹਾਂ ਉਹਨਾਂ ਦੇ ਪਿਆਰ ਦਾ ਸਫਰ ਚਲਦਾ ਰਿਹਾ। ਪਰ ਸੂਰਜ ਆਪਣੇ ਦਿਲ ਵਾਲੀ ਗੱਲ ਆਇਸ਼ਾ ਨੂੰ ਕਹਿਣ ਤੋਂ ਹਲੇ ਵੀ ਡਰਦਾ ਸੀ। ਇੱਕ ਦਿਨ ਰਾਤ ਨੂੰ ਅਨਾਥ ਆਸ਼ਰਮ ਵਿੱਚ ਅਚਾਨਕ ਰੋਲਾ ਪੈਣ ਲੱਗਿਆ ਤੇ ਇੱਕ ਐਬੂਲੈਂਸ ਆਸ਼ਰਮ ਵਿੱਚ ਆ ਪਹੁੰਚ ਗਈ। ਅਗਲੇ ਦਿਨ ਸੂਰਜ ਨੂੰ ਸਵੇਰੇ ਪਤਾ ਲੱਗਿਆ ਕਿ ਇਹ ਐਬੂਲੈਂਸ ਮੋਹਿਤ ਨੂੰ ਲੈ ਕੇ ਗਈ ਹੈ। ਜਦੋਂ ਮੋਹਿਤ ਰਾਤ ਨੂੰ ਬਾਥਰੂਮ ਵੱਲ ਨੂੰ ਜਾਣ ਲੱਗਿਆ ਤਾਂ ਉਸ ਨੂੰ ਦਿਲ ਵਾਲੀ ਜਗ੍ਹਾਂ ਤੇ ਦਰਦ ਹੋਣ ਲੱਗਿਆ ਤੇ ਉਹ ਇੱਕ ਦਮ ਫਰਸ਼ ਤੇ ਡਿੱਗ ਪਿਆ। ਉਸਦੇ ਟੀਚਰ ਨੇ ਐਬੂਲੈਂਸ ਨੂੰ ਫੋਨ ਕਰਕੇ ਮੋਹਿਤ ਨੂੰ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ ਹੈ। ਸੂਰਜ ਤੁਰੰਤ ਆਇਸ਼ਾ ਨੂੰ ਲੈ ਕੇ ਹਸਪਤਾਲ ਆ ਗਿਆ। ਉਹਨਾਂ ਨੇ ਡਾਕਟਰ ਤੋਂ ਮੋਹਿਤ ਬਾਰੇ ਪੁੱਛਿਆ ਤਾਂ ਡਾਕਟਰ ਨੇ ਉਹਨਾਂ ਨੂੰ ਇੱਕ ਟੇਬਲ ਤੇ ਬੈਠਣ ਦਾ ਇਸ਼ਾਰਾ ਕਰਕੇ ਗੱਲ ਕਰਨੀ ਸੁਰੂ ਕੀਤੀ। ਡਾਕਟਰ ਨੇ ਦੱਸਿਆ ਕਿ ਮੋਹਿਤ ਹੁਣ ਠੀਕ ਹੈ ਪਰ ਉਸਨੂੰ ਇਹ ਹਾਰਟ ਅਟੈਕ ਦੂਜੀ ਵਾਰੀ ਆਇਆ ਹੈ। ਅਗਰ ਇਸ ਤੋਂ ਬਾਅਦ ਮੋਹਿਤ ਨੂੰ ਤੀਜੀ ਵਾਰੀ ਅਟੈਕ ਆਉਦਾ ਹੈ ਤਾਂ ਉਸਦਾ ਬਚਣਾ ਮੁਸਕਿਲ ਹੈ ਜਾਂ ਫਿਰ ਉਸਦੇ ਸਰੀਰ ਦਾ ਕੋਈ ਅੰਗ ਖੜ ਜਾਵੇਗਾ। ਡਾਕਟਰ ਦੀ ਇਹ ਗੱਲ ਸੁਣ ਕੇ ਆਇਸ਼ਾ ਤੇ ਸੂਰਜ ਦੀਆਂ ਅੱਖਾਂ ਵਿੱਚੋਂ ਹੰਝੂ ਟਪਕਣ ਲੱਗੇ। ਸੂਰਜ ਤੇ ਆਇਸ਼ਾ ਮੋਹਿਤ ਨੂੰ ਦੋ ਦਿਨ ਬਾਅਦ ਆਪਣੇ ਘਰ ਲੈ ਆਏ। ਆਇਸ਼ਾ ਨੇ ਸੂਰਜ ਨੂੰ ਕਿਹਾ ਮੈਂ ਹੁਣ ਮੋਹਿਤ ਨੂੰ ਆਪਣੇ ਘਰ ਲੈ ਜਾਵਾਗੀ। ਇਹ ਹੁਣ ਆਸ਼ਰਮ ਵਿੱਚ ਨਹੀਂ ਰਹੇਗਾ। ਸੂਰਜ ਨੇ ਆਇਸ਼ਾ ਨੂੰ ਕਿਹਾ ਬਿਲਕੁਲ ਠੀਕ ਕਿਹਾ ਆਇਸ਼ਾ। ਆਇਸ਼ਾ ਤੇ ਸੂਰਜ ਮੋਹਿਤ ਨੂੰ ਲੈ ਕੇ ਆਇਸ਼ਾ ਦੇ ਘਰ ਵੱਲ ਚੱਲ ਪਏ। ਆਇਸ਼ਾ ਦੀ ਮਾਂ ਦਾ



Scanned with CamScanner

ਸੁਭਾਅ ਬਹੁਤ ਹੀ ਚੰਗਾ ਸੀ। ਆਇਸ਼ਾ ਨੇ ਜਦ ਸਾਰੀ ਗੱਲ ਆਪਣੀ ਮਾਂ ਨੂੰ ਦੱਸੀ ਤਾਂ ਉਸਨੇ ਕਿਹਾ ਆਇਸ਼ਾ ਬੇਟਾ ਤੂੰ ਚੰਗਾ ਕੀਤਾ ਜੋ ਮੋਹਿਤ ਨੂੰ ਆਪਣੇ ਘਰ ਲੈ ਆਈ। ਮੈਂ ਹੁਣ ਇਸ ਦੀ ਦੇਖ ਭਾਲ ਖੁਦ ਕਰੂੰਗੀ। ਆਇਸ਼ਾ ਨੇ ਸੂਰਜ ਬਾਰੇ ਆਪਣੀ ਮਾਂ ਨੂੰ ਦੱਸਿਆ ਤੇ ਕਿਹਾ ਮਾਂ ਸੂਰਜ ਵੀ ਮੋਹਿਤ ਨੂੰ ਉਹਨਾਂ ਹੀ ਪਿਆਰ ਕਰਦਾ ਹੈ। ਜਿੰਨਾ ਅਸੀ ਇਹ ਮੇਰੇ ਕਾਲਜ ਵਿੱਚ ਮੇਰੇ ਨਾਲ ਹੀ ਪੜ੍ਹਾਈ ਕਰਦਾ ਹੈ। ਆਇਸ਼ਾ ਦੀ ਮਾਂ ਨੇ ਸੂਰਜ ਨੂੰ ਕਿਹਾ ਬੇਟਾ ਤੁਸੀ ਇਸ ਨੂੰ ਆਪਣਾ ਹੀ ਘਰ ਸਮਝੋ। ਜਦੋਂ ਦਿਲ ਕਰੇ ਆ ਕੇ ਮੋਹਿਤ ਨੂੰ ਮਿਲ ਜਾਉ। ਸੂਰਜ ਆਇਸ਼ਾ ਦੀ ਮਾਂ ਦੇ ਪੈਰੀ ਹੱਥ ਲਗਾ ਕੇ ਉਥੋਂ ਚਲ੍ਹ ਗਿਆ। ਬਾਅਦ ਵਿੱਚ ਸੂਰਜ ਦਾ ਆਉਣ ਜਾਣਾ ਆਇਸ਼ਾ ਦੇ ਘਰ ਲੱਗਿਆ ਰਿਹਾ। ਸੂਰਜ ਹੁਣ ਹਰ ਐਤਵਾਰ ਆਇਸ਼ਾ ਦੇ ਘਰ ਜਾਂਦਾ ਤੇ ਮੋਹਿਤ ਨਾਲ ਖੇਡਦਾ ਤੇ ਆਇਸ਼ਾ ਅਤੇ ਉਸਦੀ ਮਾਂ ਨਾਲ ਗੱਲਾਂ ਕਰਦਾ ਤੇ ਫਿਰ ਆਪਣੇ ਕਮਰੇ ਵਿੱਚ ਆ ਜਾਂਦਾ। ਸੂਰਜ ਹਰ ਵੇਲੇ ਸੋਚਦਾ ਰਹਿੰਦਾ ਕੀ ਉਹ ਆਇਸ਼ਾ ਨੂੰ ਆਪਣੇ ਦਿਲ ਦੀ ਗੱਲ ਦੱਸ ਦੇਵੇਗਾ ਤੇ ਫਿਰ ਉਸ ਨਾਲ ਵਿਆਹ ਕਰਵਾ ਲਵੇਗਾ। ਹੁਣ ਆਇਸ਼ਾ ਦੇ ਦਿਲ ਵਿੱਚ ਵੀ ਸੂਰਜ ਲਈ ਪਿਆਰ ਆਉਣ ਲੱਗ ਗਿਆ ਸੀ। ਆਇਸ਼ਾ ਦੀ ਮਾਂ ਵੀ ਉਸਨੂੰ ਕਹਿੰਦੀ ਕੀ ਸੂਰਜ ਇੱਕ ਚੰਗਾ ਲੜਕਾ ਹੈ। ਪਰ ਉਸਦੇ ਪਰਿਵਾਰ ਦਾ ਪਤਾ ਨਹੀਂ ਕਿਵੇਂ ਦਾ ਹੋਵੇਗਾ। ਬੇਸ਼ੱਕ ਉਹ ਗਰੀਬ ਹੈ ਪਰ ਦਿਲ ਤੋਂ ਉਹ ਬੜਾ ਹੀ ਅਮੀਰ ਹੈ। ਇਸ ਤਰ੍ਹਾਂ ਦੇ ਲੜਕੇ ਅੱਜ ਦੇ ਸਮੇਂ ਵਿੱਚ ਬਹੁਤ ਹੀ ਘੱਟ ਮਿਲਦੇ ਹਨ। ਜੇ ਤੂੰ ਉਸਨੂੰ ਪਸੰਦ ਕਰਦੀ ਹੈ ਤਾਂ ਮੈਂ ਕਰਾ ਗੱਲ ਉਸ ਨਾਲ ਆਇਸ਼ਾ ਬੇਟੀ। ਆਇਸ਼ਾ ਨੇ ਆਪਣੀ ਮਾਂ ਨੂੰ ਕਿਹਾ ਜੇ ਮਾਂ ਉਸਨੇ ਵਿਆਹ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਤਾਂ ਫਿਰ। ਉਸਦੀ ਮਾਂ ਨੇ ਆਇਸ਼ਾ



www.PunjabiLibrary.com

Scanned with CamScanner

ਨੂੰ ਕਿਹਾ ਮੈਨੂੰ ਤਾਂ ਨਹੀਂ ਲੱਗਦਾ ਕੀ ਉਹ ਇਨਕਾਰ ਕਰੇਗਾ। ਇੱਕ ਵਾਰੀ ਗੱਲ ਕਰਕੇ ਦੇਖ ਲੈਣੀ ਆ ਬਾਕੀ ਮਾਲਕ ਨੂੰ ਜੋ ਮੰਨਜੂਰ ਅਗਲੇ ਐਤਵਾਰ ਜਦ ਉਹ ਆਪਣੇ ਘਰ ਆਵੇਗਾ ਤਾਂ ਮੈਂ ਸੂਰਜ ਨਾਲ ਗੱਲ ਕਰਾਗੀ। ਹੁਣ ਕਾਲਜ ਵਿੱਚ ਜਦੋਂ ਸੂਰਜ ਆਇਸ਼ਾ ਵੱਲ ਦੇਖਦਾ ਤਾਂ ਉਹ ਉਸ ਵੱਲ ਹੀ ਦੇਖਦੀ ਰਹਿੰਦੀ ਸੂਰਜ ਜਦੋਂ ਉਸਨੂੰ ਪੁੱਛਦਾ ਤਾਂ ਉਹ ਹੱਸ ਕੇ ਆਪਣੀਆਂ ਸਹੇਲੀਆਂ ਨਾਲ ਅੱਗੇ ਚਲੀ ਜਾਂਦੀ। ਰਾਤ ਨੂੰ ਹਰ ਵੇਲੇ ਸੂਰਜ ਦੀਆਂ ਅੱਖਾਂ ਸਾਹਮਣੇ ਆਇਸ਼ਾ ਦਾ ਉਹ ਖੂਬਸੂਰਤ ਜਿਹਾ ਚਿਹਰਾ ਘੁੰਮਦਾ ਰਹਿੰਦਾ। ਜਿਵੇਂ ਉਸਨੂੰ ਕੋਈ ਰੱਬ ਮਿਲ ਗਿਆ ਹੋਵੇ ਉਹਦੀ ਚੜ੍ਹਦੀ ਜਵਾਨੀ ਮਹਿਕਾ ਵੰਡ ਰਹੀ ਸੀ। ਦਿਲ ਦੀ ਵੰਜਰ ਜਮੀਨ ਤੇ ਜਿਵੇਂ ਸਦੀਆਂ ਬਾਅਦ ਕੋਈ ਕਲੀ ਖਿਲ ਗਈ ਹੋਵੇ। ਅੱਜ ਐਤਵਾਰ ਵਾਲਾ ਦਿਨ ਸੀ ਸੂਰਜ ਸਵੇਰੇ ਹੀ ਉੱਠਕੇ ਤਿਆਰ ਹੋ ਗਿਆ। ਆਪਣੇ ਕਮਰੇ ਨੂੰ ਜਿੰਦਾ ਲਗਾ ਕੇ ਆਇਸ਼ਾ ਦੇ ਸਹਿਰ ਵੱਲ ਨੂੰ ਇੱਕ ਬੱਸ ਵਿੱਚ ਬੈਠ ਕੇ ਚੱਲ ਪਿਆ। ਆਇਸ਼ਾ ਨੇ ਆਪਣੀ ਮਾਂ ਨੂੰ ਅੱਜ ਪਹਿਲਾ ਹੀ ਯਾਦ ਕਰਵਾ ਦਿੱਤਾ ਸੀ। ਕਿ ਅੱਜ ਮਾਂ ਸੂਰਜ ਆਏਗਾ ਤਾਂ ਤੁਸੀ ਉਸਨੂੰ ਮੇਰੇ ਰਿਸ਼ਤੇ ਬਾਰੇ ਪੁੱਛ ਲੈਣਾ। ਸੂਰਜ ਆਇਸ਼ਾ ਦੇ ਘਰ ਪਹੁੰਚ ਗਿਆ ਸੀ। ਉਹਨੇ ਪਹਿਲਾ ਆਇਸ਼ਾ ਦੀ ਮਾਂ ਦੇ ਪੈਰੀ ਹੱਥ ਲਾਏ ਤੇ ਫਿਰ ਮੋਹਿਤ ਦੇ ਕਮਰੇ ਵੱਲ ਨੂੰ ਚੱਲ ਪਿਆ। ਮੋਹਿਤ ਆਪਣੇ ਬਿਸਤਰ ਤੇ ਹਲੇ ਬਹੁਤ ਹੀ ਗੂੜੀ ਨੀਦ ਵਿੱਚ ਸੁੱਤਾ ਪਿਆ ਸੀ। ਇਸ ਲਈ ਸੂਰਜ ਉਸਦੇ ਕਮਰੇ ਵਿੱਚੋਂ ਬਾਹਰ ਆ ਕੇ ਪਾਰਕ ਵਿੱਚ ਲੱਗੇ ਇੱਕ ਬੈਚ ਤੇ ਜਾ ਬੈਠ ਗਿਆ। ਬਾਅਦ ਵਿੱਚ ਉਸਨੇ ਆਪਣੀ ਜੇਬ ਵਿੱਚੋਂ ਇੱਕ ਚਿੱਠੀ ਕੱਢਕੇ ਪੜ੍ਹਣੀ ਸੁਰੂ ਕੀਤੀ। ਥੋੜ੍ਹੇ ਸਮੇਂ ਤੱਕ ਆਇਸ਼ਾ ਤੇ ਉਸਦੀ ਮਾਂ ਸੂਰਜ ਕੋਲ ਆ ਕੇ ਬੈਠ ਗਏ। ਆਇਸ਼ਾ ਦੀ ਮਾਂ ਨੇ ਸੂਰਜ ਨੂੰ

Scanned with CamScanner

ਪੁੱਛਿਆ ਕਿ ਗੱਲ ਹੈ ਬੇਟਾ ਅੱਜ ਤੇਰਾ ਚਿਹਰਾ ਉਦਾਸ ਜਿਹਾ ਕਿਉ ਲੱਗ ਰਿਹਾ ਹੈ। ਸਭ ਠੀਕ ਤਾ ਹੈ ਨਾ ਸੂਰਜ ਨੇ ਆਇਸ਼ਾ ਦੀ ਮਾਂ ਨੂੰ ਦੱਸਿਆ ਕਿ ਅੱਜ ਸਵੇਰੇ ਜਦੋਂ ਉਹ ਤੁਹਾਡੇ ਕੋਲੋਂ ਆ ਰਿਹਾ ਸੀ ਤਾਂ ਉਸਨੂੰ ਇੱਕ ਚਿੱਠੀ ਮਿਲੀ ਜੋ ਕੀ ਉਸਦੇ ਪਿਤਾ ਨੇ ਭੇਜੀ ਸੀ। ਪਰ ਉਸਨੇ ਚਿੱਠੀ ਨੂੰ ਬੱਸ ਵਿੱਚ ਪੜ੍ਹਣਾ ਜਰੂਰੀ ਨਾ ਸਮਝ ਕੇ ਆਪਣੀ ਜੇਬ ਵਿੱਚ ਹੀ ਪਾ ਲਿਆ। ਸੂਰਜ ਨੇ ਆਪਣੀ ਚਿੱਠੀ ਆਇਸ਼ਾ ਨੂੰ ਫੜਾ ਦਿੱਤੀ। ਉਸ ਵਿੱਚ ਲਿਖਿਆ ਸੀ ਮੇਰੇ ਪਿਆਰੇ ਪੁੱਤਰ ਸੂਰਜ ਮੈ ਤੇਰਾ ਪਿਤਾ ਰਾਮ ਚੰਦਰ ਇਹ ਚਿੱਠੀ ਲਿਖ ਰਿਹਾ ਹਾਂ। ਤੇਰੀ ਮਾਂ ਬਹੁਤ ਬਿਮਾਰ ਹੈ। ਜਦੋਂ ਦਾ ਤੂੰ ਦਿੱਲੀ ਗਿਆ ਹੈ ਬੱਸ ਤੇਰੀ ਹੀ ਫਿਕਰ ਕਰਦੀ ਰਹਿੰਦੀ ਹੈ। ਜੇ ਤੂੰ ਥੋੜ੍ਹੇ ਦਿਨ ਦੀ ਛੁੱਟੀ ਲੈ ਕੇ ਆਪਣੀ ਮਾਂ ਨੂੰ ਮਿਲ ਜਾਵੇ ਤਾਂ ਸ਼ਇਦ ਤੇਰੀ ਮਾਂ ਠੀਕ ਹੋ ਜਾਵੇ। ਇਹ ਚਿੱਠੀ ਪੜ੍ਹਕੇ ਆਇਸ਼ਾ ਦੀ ਮਾਂ ਨੇ ਸੂਰਜ ਨੂੰ ਕਿਹਾ ਬੇਟਾ ਤੂੰ ਅੱਜ ਹੀ ਸ਼ਾਮ ਦੀ ਟਰੇਨ ਫੜ੍ਹ ਕੇ ਚਲਾ ਜਾ ਇੱਕ ਮਾਂ ਦਾ ਮਨ ਬਹੁਤ ਕਮਜ਼ੋਰ ਹੁੰਦਾ ਹੈ। ਉਹ ਆਪਣੇ ਪੁੱਤ ਤੋਂ ਬਿਨ੍ਹਾਂ ਨਹੀ ਰਹਿ ਸਕਦੀ। ਉਹ ਤੇਰੀ ਫਿਕਰ ਕਰਦੀ ਹੋਵੇਗੀ। ਸੂਰਜ ਨੇ ਆਇਸ਼ਾ ਦੀ ਮਾਂ ਦੀ ਗੱਲ ਸੁਣ ਕੇ ਕਿਹਾ ਮੈਂ ਅੱਜ ਹੀ ਚਲਾ ਜਾਵਾਗਾ ਅੰਟੀ ਜੀ। ਸੂਰਜ ਇਹ ਗੱਲ ਕਿਹ ਕੇ ਉਥੋਂ ਤੁਰ ਪਿਆ। ਉਹ ਆਪਣੇ ਕਮਰੇ ਵਿੱਚ ਆ ਕੇ ਆਪਣੇ ਪਿੰਡ ਜਾਣਦੀ ਤਿਆਰੀ ਕਰਨ ਲੱਗ ਗਿਆ। ਸੂਰਜ ਨੇ ਆਪਣੀ ਸਾਰੀ ਤਿਆਰੀ ਕਰ ਲਈ ਉਹ ਆਪਣੇ ਕਮਰੇ ਦੇ ਮਾਲਕ ਨਾਲ ਸਾਰਾ ਹਿਸਾਬ ਕਰਕੇ ਰੇਲਵੇ ਸਟੇਸ਼ਨ ਵੱਲ ਨੂੰ ਤੁਰ ਪਿਆ। ਹਲੇ ਉਹ ਆਪਣੇ ਕਮਰੇ ਤੋਂ ਥੋੜ੍ਹਾ ਜਿਹਾ ਦੂਰ ਹੀ ਗਿਆ ਸੀ। ਉਸ ਨੂੰ ਪਿੱਛੋਂ ਇੱਕ ਅਵਾਜ ਆਈ ਜਦੋਂ ਉਸਨੇ ਪਿੱਛੇ ਮੁੜ ਕੇ ਦੇਖਿਆ ਤਾ ਆਇਸ਼ਾ ਤੇ ਮੋਹਿਤ ਉਸਨੂੰ ਮਿਲਣ ਲਈ ਆ ਰਹੇ ਸੀ। ਸੂਰਜ ਉਹਨਾਂ ਨੂੰ



www.PunjabiLibrary.com

Scanned with CamScanner

ਆਉਂਦੇ ਦੇਖ ਬਹੁਤ ਹੀ ਖੁਸ ਹੋਇਆ। ਮੋਹਿਤ ਨੂੰ ਗਲ ਨਾਲ ਲਗਾ ਕੇ ਸੂਰਜ ਬਹੁਤ ਸਾਰਾ ਪਿਆਰ ਦੇਣ ਲੱਗਿਆ ਤੇ ਉਸਨੇ ਕਿਹਾ ਉਹ ਜਲਦੀ ਹੀ ਆਵੇਗਾ। ਫਿਰ ਆਇਸ਼ਾ ਸੂਰਜ ਦੇ ਗ਼ਲ ਲੱਗ ਕੇ ਰੋਣ ਲੱਗ ਗਈ। ਉਸਨੂੰ ਐਵੇ ਲੱਗਦਾ ਜਿਵੇਂ ਸੂਰਜ ਹੁਣ ਕਦੇ ਵੀ ਮੁੜ ਕੇ ਨਹੀਂ ਆਵੇਗਾ। ਸੂਰਜ ਨੇ ਆਇਸ਼ਾ ਨੂੰ ਕਿਹਾ ਕੀ ਉਹ ਜਲਦ ਵਾਪਸ ਆ ਜਾਵੇਗਾ। ਪਰ ਉਹ ਦੋਨੋਂ ਆਪਣੇ ਦਿਲ ਵਾਲੀ ਗੱਲ ਇੱਕ ਦੂਜੇ ਨੂੰ ਨਾ ਦੱਸ ਸਕੇ। ਆਇਸ਼ਾ ਨੇ ਆਪਣੇ ਇੱਕ ਬੈਂਗ ਵਿੱਚੋਂ ਕੁਝ ਪੈਸੇ ਕੱਢਕੇ ਸੂਰਜ ਦੇ ਹੱਥ ਵਿੱਚ ਫੜ ਕੇ ਕਿਹਾ ਕਿ ਇਹ ਪੈਸੇ ਤੂੰ ਆਪਣੇ ਕੋਲ ਰੱਖ ਲੈ ਤੈਨੂੰ ਇਹਨਾਂ ਦੀ ਲੋੜ ਪੈ ਸਕਦੀ ਹੈ। ਸੂਰਜ ਨੂੰ ਲੱਗਿਆ ਆਇਸ਼ਾ ਠੀਕ ਕਹਿ ਰਹੀ ਹੈ। ਪਰ ਉਸ ਦੀਆਂ ਅੱਖਾਂ ਵਿੱਚੋਂ ਪਿਆਰ ਦੇ ਹੂੰਝ ਬਣਕੇ ਧਰਤੀ ਤੇ ਡਿੱਗ ਰਹੇ ਸੀ। ਸੂਰਜ ਨੇ ਆਇਸ਼ਾ ਨੂੰ ਕਿਹਾ ਇਹ ਪੈਸੇ ਉਹ ਜਲਦ ਮੁੜ ਦੇਵੇਗਾ। ਆਇਸ਼ਾ ਨੇ ਕਿਹਾ ਕਿ ਇੱਕ ਤਾ ਤੂੰ ਸਾਨੂੰ ਆਪਣਾ ਸਮਝਦਾ ਹੈ ਤੇ ਇਹ ਕਿਵੇਂ ਦੀਆਂ ਗੱਲਾਂ ਕਰ ਰਿਹਾ ਹੈ। ਫਿਰ ਸੂਰਜ ਉਹਨਾਂ ਨੂੰ ਅਲਵਿਦਾ ਕਿਹਾ ਕੇ ਉਥੋਂ ਚਲਾ ਗਿਆ। ਇਸ ਤਰ੍ਹਾਂ ਦਿਨ ਬੀਤੇ ਦੇ ਗਏ। ਦੋ ਮਹੀਨੇ ਤੱਕ ਸੂਰਜ ਆਪਣੇ ਮਾਤਾ ਪਿਤਾ ਕੋਲ ਹੀ ਰਿਹਾ। ਸੂਰਜ ਦਾ ਹਰ ਦਿਨ ਆਇਸ਼ਾ ਦੀ ਯਾਦ ਵਿੱਚ ਬੀਤ ਦਾ ਉਹ ਸੋਚਦਾ ਰਹਿੰਦਾ ਕਿ ਜਦੋਂ ਦਿੱਲੀ ਜਾਵੇਗਾ ਤਾਂ ਆਇਸ਼ਾ ਨੂੰ ਆਪਣੇ ਦਿਲ ਵਾਲੀ ਗੱਲ ਸਾਰੀ ਦੱਸ ਦੇਵੇਗਾ। ਉਹ ਦਰ ਆਇਸ਼ਾ ਵੀ ਹਰ ਸਮੇਂ ਸੂਰਜ ਬਾਰੇ ਹੀ ਸੋਚਦੀ ਰਹਿੰਦੀ। ਉਹ ਹੁਣ ਕਾਲਜ ਵੀ ਬਹੁਤ ਘੱਟ ਜਾਂਦੀ। ਉਸਨੂੰ ਸੂਰਜ ਬਿਨ੍ਹਾਂ ਜਿੰਦਗੀ ਅਧੂਰੀ ਜਿਹੀ ਲੱਗਦੀ। ਸੂਰਜ ਦੀ ਮਾਂ ਹੁਣ ਉਸਨੂੰ ਮਿਲਕੇ ਬਿਲਕੁਲ ਠੀਕ ਹੋ ਗਈ ਸੀ। ਸੂਰਜ ਦੇ ਮਾਤਾ ਪਿਤਾ ਨੇ ਉਸਨੂੰ ਕਿਹਾ ਕਿ ਹੁਣ ਉਹ ਚਲਾ ਜਾਵੇ।

Scanned with CamScanner

ਕਿਉਂਕਿ ਉਸਦੀ ਪੜ੍ਹਾਈ ਖ਼ਰਾਬ ਹੋ ਰਹੀ ਹੈ। ਇੱਕ ਦਿਨ ਸ਼ਾਮ ਦੇ ਸਮੇਂ ਡਾਕੀਆਂ ਇੱਕ ਚਿੱਠੀ ਆਇਸ਼ਾ ਦੇ ਘਰ ਵਿੱਚ ਉਸਦੀ ਮਾਂ ਨੂੰ ਦੇ ਕੇ ਚਲਾ ਗਿਆ। ਉਹ ਚਿੱਠੀ ਸੂਰਜ ਨੇ ਲਿਖ ਕੇ ਭੇਜੇ ਸੀ। ਉਸ ਵਿੱਚ ਲਿਖਿਆ ਸੀ ਆਇਸ਼ਾ ਮੈਂ ਕੱਲ ਦੀ ਟਰੇਨ ਫੜ੍ਹ ਕੇ ਸਿੱਧਾ ਦਿੱਲੀ ਆ ਰਿਹਾ ਹਾਂ। ਹੁਣ ਮੇਰੇ ਮਾਤਾ ਜੀ ਬਿਲਕੁਲ ਠੀਕ ਨੇ ਤੇ ਇੱਕ ਗੱਲ ਮੈਂ ਆਪਣੇ ਦਿਲ ਵਿੱਚ ਕਾਫੀ ਸਮੇਂ ਤੋਂ ਦੱਬੀ ਬੈਠਾ ਹਾਂ ਜੋ ਮੈਂ ਤੈਨੂੰ ਕਦੇ ਵੀ ਕਹਿ ਨਾ ਸਕਿਆ ਸ਼ਾਇਦ ਸਮਾਂ ਹੀ ਇਸ ਤਰ੍ਹਾਂ ਦਾ ਸੀ। ਇਹ ਗੱਲ ਮੈ ਤੇਰੇ ਨਾਲ ਕੱਲ ਦਿੱਲੀ ਆ ਕੇ ਹੀ ਕਰਾਂਗਾ। ਆਇਸ਼ਾ ਦੀ ਮਾਂ ਨੇ ਜਦੋਂ ਸੂਰਜ ਦੀ ਚਿੱਠੀ ਬਾਰੇ ਆਇਸ਼ਾ ਨੂੰ ਦੱਸਿਆ ਤਾਂ ਉਹ ਆਪਣੀ ਖੁਸੀ ਕੰਟਰੋਲ ਨਾ ਕਰ ਪਾਈ। ਉਹ ਕਦੇ ਮੋਹਿਤ ਨੂੰ ਪਿਆਰ ਕਰਨ ਲੱਗਦੀ ਤੇ ਕਦੇ ਆਪਣੀ ਮਾਂ ਨੂੰ ਉਹਨੂੰ ਲੱਗਦਾ ਕਿ ਸੂਰਜ ਵੀ ਉਸ ਨੂੰ ਉਨ੍ਹਾਂ ਹੀ ਪਿਆਰ ਕਰਦਾ ਹੈ ਪਰ ਉਹ ਆਪਣੇ ਦਿਲ ਵਾਲੀ ਗੱਲ ਦੱਸ ਨਾ ਸਕਿਆ। ਆਇਸ਼ਾ ਨੂੰ ਲੱਗਦਾ ਕਿ ਕੱਲ੍ਹ ਉਸਦਾ ਹਮਸਫਰ ਉਸਨੂੰ ਮਿਲ ਜਾਵੇਗਾ ਤੇ ਉਹਨੂੰ ਕਦੇ ਵੀ ਆਪਣੇ ਤੋਂ ਦੂਰ ਨਹੀਂ ਜਾਣ ਦੇਵੇਗੀ। ਕਦੇ ਕਦੇ ਸਾਡੀ ਜਿੰਦਗੀ ਵਿੱਚ ਇਹੋਂ ਜਿਹਾ ਸਮਾਂ ਆਉਦਾ ਹੈ ਬੰਦਾ ਜੋ ਆਪਣੇ ਲਈ ਸੋਚਦਾ ਹੈ ਸ਼ਾਇਦ ਉਹ ਰੱਬ ਨੂੰ ਮਨਜ਼ੂਰ ਨਹੀਂ ਹੁੰਦਾ। ਅਗਲੇ ਦਿਨ ਦੀ ਉਡੀਕ ਆਇਸ਼ਾ ਤੇ ਸੂਰਜ ਵਿੱਚ ਇਸ ਤਰ੍ਹਾਂ ਦੀ ਸੀ ਜਿਵੇਂ ਕਈ ਸਾਲਾਂ ਦੇ ਇੱਕ ਲੰਬੇ ਸਫ਼ਰ ਤੋਂ ਬਾਅਦ ਇਸ ਦਿਨ ਦੀ ਉਡੀਕ ਹੋਵੇ। ਅਗਲੇ ਦਿਨ ਬਸੰਤ ਪਚੰਮੀ ਦਾ ਦਿਨ ਸੀ ਤੇ ਦਿੱਲੀ ਦੇ ਅਸਮਾਨ ਵਿੱਚ ਪਤੰਗ ਇਸ ਤਰ੍ਹਾਂ ਉੱਡ ਰਹੇ ਸਨ ਜਿਵੇਂ ਉਹਨਾਂ ਨੇ ਹੀ ਸਾਰੀ ਦਿੱਲੀ ਨੂੰ ਆਪਣੇ ਨਾਲ ਢੱਕ ਲਿਆ ਹੋਵੇ। ਅੱਜ ਮੌਸਮ ਬਿਲਕੁਲ ਸਾਫ ਸੀ। ਆਇਸ਼ਾ ਤਿਆਰ ਹੋ ਕੇ ਆਪਣੀ ਮਾਂ ਨੂੰ ਕਹਿ ਰਹੀ ਸੀ ਕਿ ਉਹ



Scanned with CamScanner

ਮਾਂ ਸੂਰਜ ਨੂੰ ਰੇਲਵੇ ਸਟੇਸ਼ਨ ਤੋਂ ਲੈ ਆਵੇ। ਆਇਸ਼ਾ ਦੀ ਮਾਂ ਨੇ ਉਸਨੂੰ ਕਿਹਾ ਆਇਸ਼ਾ ਬੇਟਾ ਅੱਜ ਦਿੱਲੀ ਵਿੱਚ ਪਤੰਗ ਬਾਜੀ ਹੋ ਰਹੀ ਹੈ। ਹਰ ਪਾਸੇ ਪਤੰਗ ਹੀ ਪਤੰਗ ਉੱਡ ਰਹੇ ਹਨ। ਤੂੰ ਡਰਾਈਵਰ ਨੂੰ ਨਾਲ ਲੈ ਕੇ ਗੱਡੀ ਵਿੱਚ ਚਲੀ ਜਾ ਆਇਸ਼ਾ ਨੇ ਮਾਂ ਨੂੰ ਕਿਹਾ ਮਾਂ ਮੈ ਸਕੂਟਰੀ ਤੇ ਹੀ ਚਲੀ ਜਾਂਦੀ ਹਾਂ। ਸਟੇਸ਼ਨ ਕਿਹੜਾ ਬਹੁਤ ਦੂਰ ਹੈ। ਸੂਰਜ ਨੂੰ ਲੈ ਕੇ ਸਿੱਧਾ ਘਰ ਆ ਜਾਵਾਂਗੀ। ਆਇਸ਼ਾ ਸਕੂਟਰੀ ਲੈ ਕੇ ਆਪਣੇ ਘਰ ਤੋਂ ਚਲੀ ਗਈ। ਉਧਰ ਸੂਰਜ ਰੇਲਵੇ ਸਟੇਸ਼ਨ ਤੋਂ ਬਾਹਰ ਆ ਗਿਆ ਸੀ ਜਦੋਂ ਉਸਨੇ ਅਸਮਾਨ ਵਿੱਚ ਦੇਖਿਆ ਤਾਂ ਉਹਨੂੰ ਚਾਰੇ ਪਾਸੇ ਪਤੰਗ ਹੀ ਪਤੰਗ ਨਜ਼ਰ ਆ ਰਹੇ ਸਨ। ਸੂਰਜ ਨੇ ਸੋਚਿਆਂ ਕਿ ਉਹ ਮੋਹਿਤ ਲਈ ਵੀ ਪਤੰਗ ਤੇ ਡੋਰ ਲੈ ਲਵੇ। ਉਹ ਬਹੁਤ ਖੁਸ਼ ਹੋਵੇਗਾ। ਸੂਰਜ ਨੂੰ ਵੀ ਬਚਪਨ ਤੋਂ ਪਤੰਗ ਚੜ੍ਹਾਉਣ ਦਾ ਬਹੁਤ ਸ਼ੌਕ ਸੀ। ਸੂਰਜ ਨੇ ਮੋਹਿਤ ਲਈ ਪਤੰਗ ਤੇ ਡੋਰ ਲੈ ਲਏ ਤੇ ਸਟੇਸ਼ਨ ਤੋਂ ਆਟੋਂ ਫੜ ਕੇ ਸਿੱਧਾ ਆਇਸ਼ਾ ਦੇ ਘਰ ਵੱਲ ਨੂੰ ਚੱਲ ਪਿਆ। ਆਟੋਂ ਵਾਲੇ ਨੇ ਸੂਰਜ ਨੂੰ ਆਇਸ਼ਾ ਦੇ ਘਰ ਦੇ ਬਿਲਕੁਲ ਸਾਹਮਣੇ ਉਤਾਰ ਦਿੱਤਾ। ਉਸਨੇ ਸੋਚਿਆ ਹੁਣ ਉਹ ਆਪਣੇ ਦਿਲ ਵਾਲੀ ਸਾਰੀ ਗੱਲ ਆਇਸ਼ਾ ਨੂੰ ਜਾਕੇ ਦੱਸ ਦੇਵੇਗਾ। ਅਗਰ ਉਸਨੇ ਨਾਹ ਕਰਤੀ ਤਾਂ ਉਹ ਆਇਸ਼ਾ ਦੀ ਜ਼ਿੰਦਗੀ ਤੋਂ ਦੂਰ ਚੱਲੇ ਜਾਵੇਗਾ। ਆਇਸ਼ਾ ਦੀ ਮਾਂ ਪਾਰਕ ਵਿੱਚ ਫੁੱਲਾਂ ਨੂੰ ਪਾਣੀ ਦੇ ਰਹੀ ਸੀ। ਆਇਸ਼ਾ ਦੀ ਮਾਂ ਨੇ ਜਦੋਂ ਸੂਰਜ ਨੂੰ ਆਉਦੇ ਦੇਖਿਆ ਤਾ ਉਸਨੇ ਸੂਰਜ ਨੂੰ ਪੁੱਛਿਆ ਸੂਰਜ ਬੇਟਾ ਤੁਮ ਕਬ ਆਏ। ਆਇਸ਼ਾ ਦੀ ਮਾਂ ਇੱਕ ਹਿੰਦੂ ਪਰਿਵਾਰ ਵਿੱਚੋਂ ਸੀ। ਇਸ ਲਈ ਉਸਨੂੰ ਪੰਜਾਬੀ ਥੋੜ੍ਹੀ ਘੱਟ ਆਉਦੀ ਸੀ ਪਰ ਕਦੇ-ਕਦੇ ਥੋੜ੍ਹੀ ਮੋਟੀ ਬੋਲ ਲੈਦੀ ਸੀ। ਸੂਰਜ ਨੇ ਕਿਹਾ ਬਸ ਅਭੀ ਅੰਟੀ ਜੀ। ਆਇਸ਼ਾ ਦੀ ਮਾਂ ਨੇ



Scanned with CamScanner

ਕਿਹਾ ਆਇਸ਼ਾ ਤਾਂ ਘਰ ਵਿੱਚ ਨਹੀਂ ਹੈ। ਬੇਟਾ ਵੋ ਤੋ ਤੁਹਮੇ ਲੈਣੇ ਸਟੇਸ਼ਨ ਪਰ ਗਈ ਹੈ। ਸੂਰਜ ਬੇਟਾ ਆਉ ਤੁਮ ਅੰਦਰ ਬੈਠੋ ਆਇਸ਼ਾ ਔਤੀ ਹੋਗੀ। ਮੋਹਿਤ ਅੰਦਰ ਹੀ ਹੈ ਤੁਮ ਜਬ ਤੱਕ ਓਸ ਕੇ ਪਾਸ ਬੈਠ ਜਾਉ। ਮੈ ਤੁਮਹਾਰੇ ਲਈ ਚਾਏ ਨਾਸਤਾ ਤਿਆਰ ਕਰਤੀ ਹੋ। ਸੂਰਜ ਅੰਦਰ ਮੋਹਿਤ ਦੇ ਕੋਲ ਜਾ ਕੇ ਬੈਠ ਗਿਆ। ਮੋਹਿਤ ਨੇ ਜਦੋਂ ਸੂਰਜ ਨੂੰ ਦੇਖਿਆ ਤਾਂ ਉਹ ਬਹੁਤ ਖੁਸ਼ ਹੁੰਦਾ ਹੋਇਆ ਸੂਰਜ ਨੂੰ ਗਲ ਲੱਗਕੇ ਮਿਲਣ ਲੱਗਿਆ। ਸੂਰਜ ਨੇ ਮੋਹਿਤ ਨੂੰ ਕਿਹਾ ਆ ਦੇਖ ਮੋਹਿਤ ਮੈ ਤੇਰੇ ਲਈ ਕੀ ਲੈ ਕੇ ਆਇਆ ਹਾਂ ਆਪਾ ਅੱਜ ਪਤੰਗ ਉਡਾਵਾਂਗੇ ਮੋਹਿਤ ਬਹੁਤ ਖੁਸ਼ ਹੋਇਆ ਤੇ ਪਤੰਗ ਡੋਰ ਲੈ ਕੇ ਸੂਰਜ ਤੋਂ ਛੱਤ ਉੱਤੇ ਚੱਲਿਆ ਗਿਆ। ਸੂਰਜ ਦੀ ਨਜ਼ਰ ਕੰਧ ਨਾਲ ਲੱਗੀ ਇੱਕ ਤਸਵੀਰ ਤੇ ਗਈ। ਉਹ ਤਸਵੀਰ ਆਇਸ਼ਾ ਦੀ ਸੀ। ਸੂਰਜ ਆਇਸ਼ਾ ਦੀ ਤਸਵੀਰ ਦੇ ਕੋਲ ਜਾ ਕੇ ਆਪਣੀ ਜੇਬ ਵਿੱਚੋਂ ਇੱਕ ਗੋਲਡਨ ਰਿੰਗ ਕੱਢ ਕੇ ਉਸ ਨਾਲ ਗੱਲਾਂ ਕਰਨ ਲੱਗਿਆ। ਆਇਸ਼ਾ ਦੀ ਮਾਂ ਸੂਰਜ ਨੂੰ ਇਹ ਸਭ ਗੱਲਾਂ ਕਰਦੀ ਦਰਵਾਜੇ ਕੋਲ ਖੜੀ ਦੇਖ ਰਹੀ ਸੀ। ਉਹ ਸੋਚ ਰਹੀ ਸੀ ਕਿ ਸੂਰਜ ਉਸਦੀ ਬੇਟੀ ਨੂੰ ਬਹੁਤ ਖੁਸ਼ ਰੱਖੇਗਾ। ਸੂਰਜ ਨਾਸ਼ਤਾ ਕਰਕੇ ਛੱਤ ਤੇ ਮੋਹਿਤ ਕੋਲ ਜਾਣ ਲੱਗਿਆ ਤਾਂ ਉਸਨੇ ਦੇਖਿਆ ਮੋਹਿਤ ਛੱਤ ਉੱਤੇ ਬੇਹੋਸ਼ ਪਿਆ ਸੀ। ਸੂਰਜ ਨੇ ਜਲਦੀ ਦੇਣੀ ਜਾ ਕੇ ਉਹਨੂੰ ਚੱਕਿਆ। ਸੂਰਜ ਮੋਹਿਤ ਦੀ ਇਹ ਹਾਲਤ ਦੇਖਕੇ ਬਹੁਤ ਘਬਰਾ ਗਿਆ ਸੀ। ਮੋਹਿਤ ਕੋਈ ਵੀ ਗੱਲ ਨਹੀ ਸੀ ਕਰਦਾ ਬਸ ਅੱਖਾਂ ਮੀਚ ਕੇ ਪਿਆ ਸੀ। ਆਇਸ਼ਾ ਦੀ ਮਾਂ ਨੇ ਉਸਨੂੰ ਕਿਹਾ ਸੂਰਜ ਬੇਟਾ ਇਸਨੂੰ ਜਲਦੀ ਤੋਂ ਜਲਦੀ ਆਪਾ ਹਸਪਤਾਲ ਲੈ ਚੱਲਿਏ। ਆਇਸ਼ਾ ਦੀ ਮਾਂ ਨੇ ਡਰਾਈਵਰ ਨੂੰ ਗੱਡੀ ਕੱਢਣ ਲਈ ਕਿਹਾ। ਆਇਸ਼ਾ ਦੀ ਮਾਂ ਨੇ ਆਪਣੇ ਨਾਲ ਦੇ ਘਰ ਵਿੱਚ ਰਹਿੰਦੀ ਇੱਕ ਔਰਤ ਨੂੰ

www.PunjabiLibrary.com

Scanned with CamScanner

ਦੱਸਿਆ ਕਿ ਜੇ ਆਇਸ਼ਾ ਘਰ ਆਵੇ ਤਾਂ ਉਸ ਨੂੰ ਕਹਿਣਾ ਉਹ ਮੋਹਿਤ ਨੂੰ ਲੈ ਕੇ ਹਸਪਤਾਲ ਗਏ ਨੇ। ਉਹ ਬਹੁਤ ਬਿਮਾਰ ਹੈ। ਮੋਹਿਤ ਨੂੰ ਲੈ ਕੇ ਸੂਰਜ ਤੇ ਆਇਸ਼ਾ ਦੀ ਮਾਂ ਹਸਪਤਾਲ ਵੱਲ ਨੂੰ ਚੱਲ ਪਏ। ਹਸਪਤਾਲ ਵਿੱਚ ਡਾਕਟਰ ਨੇ ਜਦੋਂ ਮੋਹਿਤ ਨੂੰ ਚੈੱਕ ਕੀਤਾ ਤਾਂ ਸੂਰਜ ਤੇ ਆਇਸ਼ਾ ਦੀ ਮਾਂ ਨੂੰ ਦੱਸਿਆ ਕਿ ਇਸ ਨੂੰ ਹਾਰਟ ਐਟਕ ਆਇਆ ਹੈ। ਮੋਹਿਤ ਨੂੰ ਐਮਰਜੈਸੀ ਰੂਮ ਵਿੱਚ ਲਿਜਾਇਆ ਗਿਆ। ਸੂਰਜ ਤੇ ਆਇਸ਼ਾ ਦੀ ਮਾਂ ਬਹੁਤ ਡਰ ਗਏ ਸਨ। ਕਿਉਂਕਿ ਡਾਕਟਰ ਨੇ ਪਹਿਲਾ ਹੀ ਕਿਹਾ ਸੀ ਕਿ ਜੇ ਹੁਣ ਐਟਕ ਆਇਆ ਤਾਂ ਉਸ ਦਾ ਬਚਣਾ ਮੁਸ਼ਕਿਲ ਹੈ ਇਸੇ ਤਰ੍ਹਾਂ ਉਹ ਹਸਪਤਾਲ ਵਿੱਚ ਕਾਫੀ ਸਮਾ ਬੈਠੇ ਰਹੇ। ਆਇਸ਼ਾ ਦੀ ਮਾਂ ਨੂੰ ਉਸਦੀ ਬੇਟੀ ਆਇਸ਼ਾ ਦੀ ਬਹੁਤ ਫਿਕਰ ਹੋਣ ਲੱਗੀ। ਸੂਰਜ ਵੀ ਆਇਸ਼ਾ ਬਾਰੇ ਸੋਚਣ ਲੱਗਿਆ ਕਿ ਉਹ ਅੱਜ ਸਵੇਰ ਤੋਂ ਗਈ ਹੋਈ ਹੈ ਪਰ ਹਲੇ ਤੱਕ ਵਾਪਸ ਕਿਉਂ ਨਹੀ ਆਈ। ਆਇਸ਼ਾ ਦੀ ਮਾਂ ਨੇ ਸੂਰਜ ਨੂੰ ਕਿਹਾ ਕਿ ਸੂਰਜ ਬੇਟਾ ਤੂੰ ਆਇਸ਼ਾ ਨੂੰ ਦੇਖ ਕੇ ਆ ਕਿੱਥੇ ਹੈ। ਉਹ ਹਲੇ ਤੱਕ ਕਿਉਂ ਨਹੀ ਆਈ। ਮੇਰਾ ਦਿਲ ਬਹੁਤ ਘੁਬਰਾ ਰਿਹਾ ਹੈ। ਸੂਰਜ ਨੇ ਕਿਹਾ ਮੈਂ ਦੇਖਦਾ ਹਾਂ ਆਂਟੀ ਜੀ ਤੁਸੀ ਫਿਕਰ ਨਾ ਕਰੋ ਉਹ ਆਉਦੀ ਹੋਵੇਗੀ। ਜਦੋਂ ਸੂਰਜ ਹਸਪਤਾਲ ਤੋਂ ਬਾਹਰ ਨਿਕਲਿਆ ਤਾਂ ਉਸਨੇ ਦੇਖਿਆ ਇੱਕ ਐਂਬੂਲੈਂਸ ਬਹੁਤ ਹੀ ਤੇਜੀ ਨਾਲ ਹਸਪਤਾਲ ਵੱਲ ਆ ਰਹੀ ਸੀ। ਐਂਬੂਲੈਂਸ ਜਦੋਂ ਹਸਪਤਾਲ ਦੇ ਅੰਦਰ ਰੁਕੀ ਤਾਂ ਡਾਕਟਰਾਂ ਦੀ ਇੱਕ ਟੀਮ ਨੇ ਉਸ ਐਂਬੂਲੈਂਸ ਨੂੰ ਆ ਘੇਰ ਲਿਆ। ਉਹਨਾਂ ਨੇ ਜਲਦੀ ਤੋਂ ਜਲਦੀ ਐਬੂਲੈਂਸ ਵਿੱਚੋਂ ਇੱਕ ਲੜਕੀ ਨੂੰ ਕੱਢ ਕੇ ਹਸਪਤਾਲ ਦੇ ਅੰਦਰ ਲਿਜਾਇਆ ਗਿਆ। ਸੂਰਜ ਕਾਫੀ ਦੂਰ ਖੜ੍ਹਾ ਸੀ ਇਸ ਲਈ ਉਸਨੂੰ ਚੰਗੀ ਤਰ੍ਹਾਂ ਉਸ ਲੜਕੀ ਦਾ ਚਿਹਰਾ ਨਾ ਦਿਖਾਈ

Scanned with CamScanner

ਦਿੱਤਾ। ਫਿਰ ਉਸਨੇ ਨਜਦੀਕ ਆ ਕੇ ਐਬੂਲੈਂਸ ਵਾਲੇ ਇੱਕ ਆਦਮੀ ਨੂੰ ਪੁੱਛਿਆ ਜੋ ਐਬੂਲੈਂਸ ਲੈ ਕੇ ਆਇਆ ਸੀ। ਉਸ ਆਦਮੀ ਨੇ ਦੱਸਿਆ ਕਿ ਇੱਕ ਲੜਕੀ ਦਾ ਸਕੂਟਰੀ ਉੱਪਰ ਜਾਂਦੇ ਹੋਏ ਪਤੰਗ ਦੀ ਡੋਰ ਨਾਲ ਗਲਾ ਕੱਟ ਗਿਆ ਹੈ। ਇਹ ਗੱਲ ਸੁਣ ਕੇ ਸੂਰਜ ਦੇ ਪੈਰਾ ਵਿੱਚੋਂ ਜਮੀਨ ਖਿਸਕ ਗਈ। ਉਹਨੂੰ ਐਵੇ ਲੱਗਦਾ ਜਿਵੇਂ ਇਹ ਆਇਸ਼ਾ ਹੀ ਹੈ। ਕਿਉਂਕਿ ਉਹ ਹੀ ਉਸਨੂੰ ਲੈਣ ਸਕੂਟਰੀ ਤੇ ਰੇਲਵੇ ਸਟੇਸ਼ਨ ਗਈ ਸੀ। ਫਿਰ ਉਸਨੇ ਆਪਣੇ ਆਪ ਨੂੰ ਹੌਸਲਾ ਦਿੰਦੇ ਹੋਏ ਹਸਪਤਾਲ ਦੇ ਅੰਦਰ ਜਾ ਕੇ ਡਾਕਟਰ ਨੂੰ ਪੁੱਛਣਾ ਚਾਹਿਆ। ਜਦੋਂ ਸੂਰਜ ਨੇ ਹਸਪਤਾਲ ਦੇ ਅੰਦਰ ਜਾ ਕੇ ਇੱਕ ਨਰਸ ਨੂੰ ਪੁੱਛਿਆ ਕਿ ਉਹ ਲੜਕੀ ਕਿੱਥੇ ਹੈ ਜਿਸ ਦਾ ਪਤੰਗ ਦੀ ਡੋਰ ਨਾਲ ਗਲਾ ਕੱਟ ਗਿਆ ਹੈ। ਨਰਸ ਨੇ ਦੱਸਿਆ ਕਿ ਉਹ ਉੱਪਰ ਵਾਲੀ ਮੰਜ਼ਿਲ ਵਿੱਚ 106 ਨੰਬਰ ਕਮਰੇ ਵਿੱਚ ਐਡਮਿਟ ਹੈ। ਸੂਰਜ ਆਪਣੇ ਜਲਦੀ ਜਲਦੀ ਕਦਮ ਪੁੱਟਦਾ ਹੋਇਆ ਉੱਪਰ ਵਾਲੀ ਮੰਜ਼ਿਲ ਤੇ ਚੱਲਿਆ ਗਿਆ। ਜਦੋਂ ਉਸਨੇ 106 ਨੰਬਰ ਕਮਰੇਂ ਦੇ ਅੱਗੇ ਜਾ ਕੇ ਅੰਦਰ ਦੇਖਿਆ ਤਾਂ ਆਇਸ਼ਾ ਦੀ ਮਾਂ ਉਸ ਲੜਕੀ ਦੇ ਕੋਲ ਬੈਠੀ ਉੱਚੀ ਉੱਚੀ ਰੋ ਰਹੀ ਸੀ। ਸੂਰਜ ਦਾ ਇਹ ਦੇਖ ਕੇ ਯਕੀਨ ਸੱਚ ਵਿੱਚ ਬਦਲ ਗਿਆ। ਉਹ ਆਪਣੇ ਆਪ ਨੂੰ ਰੋਣ ਤੋਂ ਰੋਕ ਨਾ ਸਕਿਆ ਤੇ ਰੋਂਦਾ ਰੋਂਦਾ ਆਇਸ਼ਾ ਦੇ ਕੋਲ ਜਾ ਕੇ ਬੈਠ ਗਿਆ। ਆਇਸ਼ਾ ਦੀ ਮੌਤ ਹੋ ਚੁੱਕੀ ਸੀ। ਆਇਸ਼ਾ ਦੀ ਮੌਤ ਨੇ ਸੂਰਜ ਨੂੰ ਧੁਰ ਅੰਦਰ ਤੱਕ ਝੰਜੋੜ ਕੇ ਰੱਖ ਦਿੱਤਾ ਸੀ। ਉਹ ਬਹੁਤ ਰੋਇਆ ਤੇ ਆਇਸ਼ਾ ਦੀ ਮਾਂ ਤਾਂ ਬੇਹੋਸ਼ ਹੋ ਕੇ ਫਰਸ਼ ਤੇ ਡਿੱਗ ਪਈ ਸੀ। ਡਾਕਟਰਾਂ ਨੇ ਉਸਨੂੰ ਚੱਕ ਕੇ ਇੱਕ ਬੈਂਚ ਉੱਤੇ ਲੇਟਾ ਦਿੱਤਾ ਸੀ। ਸੂਰਜ ਉੱਥੇ ਬੈਠਾ ਕਾਫੀ ਸਮੇਂ ਤੱਕ ਰੋਂਦਾ ਰਿਹਾ। ਉੱਥੇ ਇੱਕ ਆਦਮੀ ਹੋਰ ਸੀ ਜੋ ਆਇਸ਼ਾ ਨੂੰ

www.PunjabiLibrary.com

Scanned with CamScanner

ਐਂਬੂਲੈਂਸ ਵਿੱਚ ਲੈ ਕੇ ਹਸਪਤਾਲ ਆਇਆ ਸੀ। ਉਸਨੇ ਸੂਰਜ ਨੂੰ ਹੌਸਲਾ ਦਿੰਦੇ ਹੋਏ ਹੱਥੋਂ ਫੜ੍ਹ ਕੇ ਇੱਕ ਕੁਰਸੀ ਤੇ ਬੈਠਾ ਦਿੱਤਾ ਤੇ ਕਿਹਾ ਮੈਂ ਆਪਣੇ ਜਦੋਂ ਕੰਮ ਤੇ ਜਾ ਰਿਹਾ ਸੀ ਤਾਂ ਮੈਂ ਦੇਖਿਆ ਇੱਕ ਵੱਡਾ ਸਾਰਾ ਪਤੰਗ ਦਰੱਖਤਾਂ ਦੇ ਪੱਤਿਆ ਨੂੰ ਚੀਰਦਾ ਹੋਇਆ ਸਿੱਧਾ ਮੇਰੇ ਵੱਲ ਆ ਰਿਹਾ ਸੀ। ਉਸਦੀ ਡੋਰ ਦਾ ਕੰਚ ਦੂਰ ਤੋਂ ਹੀ ਚਮਕਦਾ ਦਿਖਦਾ ਸੀ। ਮੈਂ ਤਾਂ ਉਸ ਕੋਲੋਂ ਬਚ ਗਿਆ ਪਰ ਮੇਰੇ ਪਿੱਛੇ ਆ ਰਹੀ ਇਸ ਲੜਕੀ ਦੇ ਗਲ ਨੂੰ ਚੀਰਦਾ ਹੋਇਆ ਉਹ ਪਤੰਗ ਅੱਗੇ ਨਿਕਲ ਗਿਆ। ਮੈ ਤੇਰਾ ਦੁੱਖ ਸਮਝਦਾ ਸਕਦਾ ਹਾਂ ਛੋਟੇ ਵੀਰ ਪਰ ਹੋਣੀ ਨੂੰ ਕੌਣ ਟਾਲ ਸਕਦਾ ਹੈ। ਸੂਰਜ ਉਸ ਆਦਮੀ ਦੀਆਂ ਗੱਲਾਂ ਸੁਣ ਕੇ ਹੋਰ ਰੋਣ ਲੱਗਿਆ। ਥੋੜ੍ਹੇ ਸਮੇਂ ਬਾਅਦ ਵਿੱਚ ਉਸਨੂੰ ਮੋਹਿਤ ਦਾ ਖਿਆਲ ਆਇਆ। ਉਸਨੇ ਡਾਕਟਰ ਤੋਂ ਜਾ ਕੇ ਪੁੱਛਿਆ ਕਿ ਉਹ ਕਿਵੇਂ ਹੈ ਹੁਣ ਡਾਕਟਰ ਨੇ ਦੱਸਿਆ ਕਿ ਉਸਦੀ ਹਾਲਤ ਠੀਕ ਨਹੀਂ ਹੈ। ਅਸੀਂ ਆਪਣੇ ਵੱਲੋਂ ਉਸਨੂੰ ਬਚਉਣ ਦੀ ਪੂਰੀ ਕੋਸ਼ਿਸ ਕਰ ਰਹੇ ਹਾਂ। ਉਸਨੂੰ ਬਚਾਉਣ ਦਾ ਹੁਣ ਇੱਕ ਹੀ ਤਰੀਕ ਹੈ ਉਸਦਾ ਦਿਲ ਚੇਂਜ ਕਰਨਾ ਪਵੇਗਾ। ਪਰ ਇਸ ਵਿੱਚ ਖਰਚਾ ਬਹੁਤ ਜਿਆਦਾ ਆਵੇਗਾ। ਸੂਰਜ ਨੇ ਪੁੱਛਿਆ ਡਾਕਟਰ ਜੀ ਕਿੰਨਾ ਕਾ ਖਰਚਾ ਆਵੇਗਾ। ਡਾਕਟਰ ਨੇ ਦੱਸਿਆ ਕਿ 30 ਜਾਂ 35 ਲੱਖ ਦਾ। ਸੂਰਜ ਨੇ ਕਿਹਾ ਡਾਕਟਰ ਜੀ ਇੰਨਾ ਪੈਸਾ ਤਾਂ ਮੈਂ ਮੈਨੂੰ ਲੱਗਦਾ ਜਿੰਦਗੀ ਵਿੱਚ ਨਹੀਂ ਕਮਾ ਸਕਦਾ। ਸੂਰਜ ਨੇ ਰੋਂਦੇ ਹੋਏ ਕਿਹਾ ਡਾਕਟਰ ਜੀ ਮੇਰਾ ਇੱਕ ਆਪਣਾ ਤਾਂ ਮੈਨੂੰ ਹਮੇਸ਼ਾ ਲਈ ਛੱਡਕੇ ਚੱਲਿਆ ਗਿਆ ਹੈ। ਜੇ ਹੁਣ ਮੋਹਿਤ ਨੂੰ ਵੀ ਕੁਝ ਹੋ ਗਿਆ ਤਾਂ ਉਹ ਆਪਣੇ ਆਪ ਨੂੰ ਕਦੇ ਵੀ ਮਾਫ ਨਹੀ ਕਰ ਸਕੇਗਾ। ਤੁਹਾਡੇ ਬਹੁਤ ਮੇਹਰਬਾਨੀ ਹੋਵੇਗੀ ਜੇ ਤੁਸੀਂ ਮੋਹਿਤ ਨੂੰ ਬਚਾ ਲਉ। ਡਾਕਟਰ ਨੇ ਸੂਰਜ ਦੇ ਮੋਢੇ ਉੱਤੇ



www.PunjabiLibrary.com

Scanned with CamScanner

ਹੱਥ ਰੱਖ ਦੇ ਕਿਹਾ ਹੁਣ ਤਾ ਬੱਸ ਇੱਕ ਰਸਤਾ ਹੈ। ਉਸ ਵਿੱਚ ਬਹੁਤ ਘੱਟ ਖਰਚਾ ਆਵੇਗਾ ਤੇ ਮੋਹਿਤ ਦੀ ਜਾਨ ਬਚ ਸਕਦੀ ਹੈ। ਜਿਸ ਲੜਕੀ ਦਾ ਅੱਜ ਪਤੰਗ ਦੀ ਡੋਰ ਨਾਲ ਗਲਾ ਕੱਟ ਗਿਆ ਹੈ। ਉਸ ਦੀ ਮੌਤ ਹੋਈ ਨੂੰ ਹਲੇ ਬਹੁਤਾ ਸਮਾ ਨਹੀਂ ਹੋਇਆ। ਜੇ ਉਸਦਾ ਦਿਲ ਕੱਢ ਕੇ ਇਸ ਬੱਚੇ ਵਿੱਚ ਪਾ ਦਿੱਤਾ ਜਾਵੇ ਤਾਂ ਇਹ ਬਚ ਸਕਦਾ ਹੈ। ਬਾਕੀ ਰੱਬ ਨੂੰ ਜੋ ਮਨਜ਼ੂਰ ਹੋਵੇ। ਇਸ ਵਿੱਚ 2 ਲੱਖ ਤੱਕ ਦਾ ਹੀ ਖਰਚਾ ਆਵੇਗਾ। ਸੂਰਜ ਨੂੰ ਕੁਝ ਵੀ ਪਤਾ ਨਹੀਂ ਲੱਗ ਰਿਹਾ ਸੀ। ਕੀ ਉਹ ਕੀ ਕਰੇ। ਉਸਨੇ ਡਾਕਟਰ ਨੂੰ ਹਾ ਕਹਿ ਦਿੱਤੀ ਤੇ ਉਸਨੇ ਕਿਹਾ ਮੈਂ ਪੈਸੇ ਲੈ ਕੇ ਜਲਦ ਆਉਦਾ ਹਾਂ ਤੁਸੀ ਮੋਹਿਤ ਦਾ ਇਲਾਜ ਸੁਰੂ ਕਰੋ। ਜੋ ਪੈਸੇ ਸੂਰਜ ਨੂੰ ਆਇਸ਼ਾ ਨੇ ਆਪਣੇ ਪਿੰਡ ਜਾਦੇ ਸਮੇਂ ਦਿੱਤੇ ਸਨ। ਉਹ ਰਕਮ ਇੱਕ ਲੱਖ ਦੇ ਕਰੀਬ ਸੀ ਤੇ ਇੱਕ ਲੱਖ ਸੂਰਜ ਦੇ ਮਾਤਾ ਪਿਤਾ ਨੇ ਉਸ ਨੂੰ ਕੋਲ ਖਰਚ ਲਈ ਦਿੱਤੇ ਸੀ। ਜਿਸ ਨਾਲ ਉਸ ਨੇ ਕਾਲਜ ਦੇ ਬਾਕੀ ਦੇ ਦੋ ਸਾਲ ਕੱਢਣੇ ਸੀ। ਸੂਰਜ ਨੇ ਦੋ ਲੱਖ ਰੁਪਏ ਇਕੱਠੇ ਕਰਕੇ ਡਾਕਟਰ ਨੂੰ ਜਾ ਕੇ ਦੇ ਦਿੱਤੇ। ਤੇ ਅਪਰੇਸ਼ਨ ਕਰਨ ਲਈ ਕਿਹਾ। ਆਇਸ਼ਾ ਦਾ ਅੰਤਿਮ ਸੰਸਕਰ ਕਰ ਦਿੱਤਾ ਗਿਆ। ਸੂਰਜ ਨੇ ਜੋ ਆਇਸ਼ਾ ਲਈ ਗੋਲਡਨ ਰਿੰਗ ਖਰੀਦੀ ਸੀ ਉਸਨੇ ਉਹ ਆਇਸ਼ਾ ਦੇ ਹੱਥ ਵਿੱਚ ਹੀ ਪਾ ਦਿੱਤੀ। ਮੋਹਿਤ ਦਾ ਵੀ ਅਪਰੇਸ਼ਨ ਹੋ ਚੁੱਕਾ ਸੀ। ਉਹ ਹੁਣ ਬਿਲ਼ਕੁਲ ਠੀਕ ਸੀ। ਕਾਫੀ ਦਿਨ ਬਾਅਦ ਸੂਰਜ ਮੋਹਿਤ ਨੂੰ ਹਸਪਤਾਲ ਵਿੱਚੋਂ ਛੁੱਟੀ ਲੈ ਕੇ ਆਇਸ਼ਾ ਦੇ ਘਰ ਆ ਗਿਆ ਸੀ। ਜਦੋਂ ਉਸਨੇ ਆਇਸ਼ਾ ਦੀ ਮਾਂ ਨੂੰ ਦੇਖਿਆ ਤਾਂ ਉਸਦੇ ਅੱਖਾਂ ਵਿੱਚੋਂ ਹੰਝੂ ਨਿਕਲਣ ਲੱਗੇ। ਆਇਸ਼ਾ ਦੀ ਮਾਂ ਕਮਰੇ ਦੀ ਇੱਕ ਕੰਧ ਨਾਲ ਬੈਠੀ ਉਸ ਦੇ ਖਿਡੌਣਿਆ ਨੂੰ ਦੇਖ ਰਹੀ ਸੀ। ਜੋ ਉਸਨੇ ਆਇਸ਼ਾ ਨੂੰ ਬਚਪਨ ਵਿੱਚ ਖਰੀਦ ਕੇ ਦਿੱਤੇ ਸਨ। ਸੂਰਜ

Scanned with CamScanner

ਨੇ ਆਇਸ਼ਾ ਦੀ ਮਾਂ ਕੋਲ ਜਾ ਕੇ ਉਸਦੇ ਗਲ ਨਾਲ ਲੱਗ ਕੇ ਰੋਣਾ ਸੁਰੂ ਕਰ ਦਿੱਤਾ। ਸੂਰਜ ਨੇ ਆਪਣੀ ਕੰਬਦੀ ਆਵਾਜ਼ ਵਿੱਚ ਕਿਹਾ ਆਂਟੀ ਜੀ ਆਇਸ਼ਾ ਆਪਣੇ ਕੋਲ ਹੀ ਹੈ। ਉਸਦਾ ਦਿਲ ਮੋਹਿਤ ਵਿੱਚ ਹੈ ਉਹ ਸਾਡੇ ਕੋਲ ਦੂਰ ਨਹੀ ਗਈ। ਉਸਨੇ ਸਾਰੀ ਗੱਲ ਆਇਸ਼ਾ ਦੀ ਮਾਂ ਨੂੰ ਦੱਸ ਦਿੱਤੀ। ਆਇਸ਼ਾ ਦੀ ਮਾਂ ਨੇ ਮੋਹਿਤ ਨੂੰ ਗਲ ਨਾਲ ਲਗਾ ਲਿਆ। ਮੋਹਿਤ ਨੂੰ ਆਇਸ਼ਾ ਦੀ ਮਾਂ ਨੇ ਆਪਣੇ ਕੋਲ਼ ਹੀ ਆਪਣਾ ਦਿਲ ਸਮਝ ਕੇ ਰੱਖ ਲਿਆ ਸੀ। ਅਗਲੇ ਦਿਨ ਹੀ ਸਵੇਰੇ ਸੂਰਜ ਆਇਸ਼ਾ ਦੀ ਇੱਕ ਫੋਟੋ ਲੈ ਕੇ ਘਰੋਂ ਬਾਹਰ ਚਲਾ ਗਿਆ। ਉਹ ਨਾ ਤਾਂ ਆਪਣੇ ਕਾਲਜ ਗਿਆ ਤੇ ਨਾ ਹੀ ਆਪਣੇ ਮਾਤਾ ਪਿਤਾ ਕੋਲ ਪਿੰਡ ਗਿਆ।

www.PunjabiLibrary.com

Scanned with CamScanner